# FARM AND SPICE

**Open 7 Days a Week**
**8.30 am to 9.00 pm**

## SPECIAL OFFERS: 24-30 MAR

Daily Specials on

ਨਿੱਕੀ ਸ਼ਿਮਲਾ ਮਿਰਚ
**BC Grown Mini Green Pepper**
99¢ /lb

ਮੈਂਡਰੀਨਜ਼
**Mandarins**
99¢ /lb

ਐਂਬ੍ਰੋਸੀਆ ਸੇਬ
**Ambrosia Apple**
$1.49 /lb

ਗਾਲਾ ਬੀ ਸੀ ਸੇਬ
**Gala BC Apple**
99¢ /lb

ਆਵੋਕਾਡੋ
**Avocado**
89¢ each

ਘੀਆ
**Opo Long**
99¢ /lb

ਜ਼ੁਕੀਨੀ
**Zuchinni**
$1.29 /lb

ਸੰਤਰਾ ਨਿੱਕਾ/ਵਡਾ
**Orange Small/Large**
$1.29 /lb

ਹਰੇ ਅੰਗੂਰ
**Green Grapes**
$1.99 /lb

ਜੰਬੋ ਬੈਂਗਣ
**Eggplant** Jumbo
$1.99 each

ਫੁਲ ਗੋਬੀ
**Cauliflower**
$2.49 each




ਰੁਹਆਫਜ਼ਾ
**Hamdard** Roohafza Pakistani
800ml $3.99 each

ਟਾਟਾ ਨਮਕ
**Tata Salt**
$1.99 each

ਕੋਲਸਨ ਸੇਵੀਆਂ
**Kolson** u shaped sewian
150g 99¢ each

ਨੈਸ਼ਨਲ ਸੇਵੀਆਂ
**National** u shaped sewian
150g 99¢ each

ਸੱਚ ਮਸਾਲੇ
**Such Spices** Kutchhi Dabeli/ Vaghareli Khichdi
200g $4.99 each

ਅਸ਼ੋਕਾ ਸਾਗ
**Ashoka** Sarson Ka Saag
850g $2.99 each

ਸ਼ੇਰ ਵੇਸਣ
**Sher Besan**
4lb $3.99 each

ਪਾਰਲੀਮੈਂਟ ਚਾਵਲ
**Parliament** Rozana Basmati Rice
8 lb $7.99 each

ਹੀਰ ਦਾਲਾਂ
**Heer Lentils** Moong Beans Whole/ Moong Washed Urad Dal/Moth Beans
4lb $5.99 each

ਢਿਲੋਂ ਬਿਸਕੁਟ
**Dhillon** Punjabi Biscuit
1.5lb $5.99 each

ਹੀਰ ਖੰਡ
**Heer Sugar** Brown/White
8 lb $7.99 each

ਟਾਟਾ ਚਾਹ
**Tata Tea** Premium
220 bags $8.99 each

ਏ-ਪਲਸ ਬਾਸਮਤੀ
**Aplus** Silver Basmati
5kg $11.99 each

ਰੈਡ ਲੇਬਲ ਚਾਹ
**Red Label** Round Tea Bags
216Bags $11.99 each

ਕਨੋਲਾ ਤੇਲ
**Canola** Harvest Oil 3L
3ltr $12.99 each

## A+Plus

**A+Plus assorted pulses 1kg 50% OFF**

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

# ‘ਓਵਰਸੀਜ਼ ਫਰੈਂਡਜ਼ ਆਫ ਬੀਜੇਪੀ’ ਦੀ ਆਸਟ੍ਰੇਲੀਆ ਇਕਾਈ ਦੇ ਸੰਸਥਾਪਕ ਉੱਪਰ ਔਰਤਾਂ ਨਾਲ ਬਲਾਤਕਾਰ ਦਾ ਦੋਸ਼




ਨਵੀਂ ਦਿੱਲੀ:ਆਸਟ੍ਰੇਲੀਆ ‘ਚ ਬਾਲੇਸ਼ ਧਨਖੜ ਨਾਂ ਦੇ ਵਿਅਕਤੀ ‘ਤੇ ਪੰਜ ਔਰਤਾਂ ਨੂੰ ਨੌਕਰੀ ਦਿਵਾਉਣ ਦੇ ਬਹਾਨੇ ਉਨ੍ਹਾਂ ਨੂੰ ਨਸ਼ਾ ਦੇ ਕੇ ਬਲਾਤਕਾਰ ਕਰਨ ਦਾ ਦੋਸ਼ ਲੱਗਾ ਹੈ। ਬਾਲੇਸ਼ ਦੀ ਪਛਾਣ ‘ਓਵਰਸੀਜ਼ ਫਰੈਂਡਜ਼ ਆਫ ਬੀਜੇਪੀ’ ਸੰਗਠਨ ਦੇ ਆਸਟ੍ਰੇਲੀਆ ਵਿੰਗ ਦੇ ਸੰਸਥਾਪਕਾਂ ‘ਚੋਂ ਇਕ ਵਜੋਂ ਹੋਈ ਹੈ।ਬ੍ਰਿਟਿਸ਼ ਡੇਲੀ ਮੇਲ ਦੀ ਇਕ ਰਿਪੋਰਟ ਦੇ ਅਨੁਸਾਰ, ਧਨਖੜ ‘ਤੇ ਬਲਾਤਕਾਰ ਦੇ 13 ਦੋਸ਼, ਬਲਾਤਕਾਰ ਦੇ ਇਰਾਦੇ ਨਾਲ ਨਸ਼ੀਲੇ ਪਦਾਰਥ ਦੇਣ ਦੇ ਛੇ ਦੋਸ਼, ਸਹਿਮਤੀ ਤੋਂ ਬਿਨਾਂ ਇੰਟੀਮੇਟ ਵੀਡੀਓਜ਼ ਰਿਕਾਰਡ ਕਰਨ ਦੇ 17 ਦੋਸ਼ ਅਤੇ ਅਸ਼ਲੀਲ ਹਮਲੇ ਦੇ ਤਿੰਨ ਦੋਸ਼ ਹਨ।ਕੁਲ ਮਿਲਾ ਕੇ, ਧਨਖੜ ਜਨਵਰੀ ਤੋਂ ਅਕਤੂਬਰ 2018 ਦਰਮਿਆਨ ਕਥਿਤ ਤੌਰ ‘ਤੇ 39 ਅਪਰਾਧਾਂ ਦਾ ਦੋਸ਼ੀ ਹੈ।ਅਖਬਾਰ ਦਾ ਕਹਿਣਾ ਹੈ ਕਿ ਧਨਖੜ ਪਿਛਲੇ ਚਾਰ ਸਾਲਾਂ ਤੋਂ ‘ਆਪਣਾ ਨਾਮ ਦਬਾਉਣ’ ਦੀ ਕੋਸ਼ਿਸ਼ ਕਰ ਰਹੇ ਹਨ।ਆਸਟ੍ਰੇਲੀਆਈ ਅਖਬਾਰ ਦਿ ਸਿਡਨੀ ਮਾਰਨਿੰਗ ਹੇਰਾਲਡ ਦੇ ਅਨੁਸਾਰ, ਧਨਖੜ ਨੇ ਸਿਡਨੀ ਦੇ ਹਿਲਟਨ ਹੋਟਲ ਬਾਰ ਵਿੱਚ ਔਰਤਾਂ ਨੂੰ ਆਕਰਸ਼ਿਤ ਕਰਨ ਲਈ ਗੁਮਟਰੀ ਸਾਈਟ ‘ਤੇ ਕੋਰੀਅਨ-ਤੋਂ-ਅੰਗਰੇਜ਼ੀ ਅਨੁਵਾਦ ਦੇ ਕੰਮ ਲਈ ਇੱਕ ਨੌਕਰੀ ਦਾ ਇਸ਼ਤਿਹਾਰ ਪੋਸਟ ਕੀਤਾ। ਇਹ ਹੋਟਲ ਉਸਦੇ ਅਪਾਰਟਮੈਂਟ ਦੇ ਕੋਲ ਸਥਿਤ ਹੈ। ਪੁਲਿਸ ਨੇ ਦੱਸਿਆ ਕਿ ਇਹ ਇਸ਼ਤਿਹਾਰ ਇੱਕ ‘ਚਾਲ’ ਸੀ ਜੋ ਬਲਾਤਕਾਰਾਂ ਨੂੰ ਅੰਜਾਮ ਦੇਣ ਲਈ ਔਰਤਾਂ ਨੂੰ ਫਸਾਉਣ ਲਈ ਇਸ ‘ਬਹੁਤ ਖਾਸ ਢੰਗ’ ਦੀ ਵਰਤੋਂ ਕੀਤੀ।ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਧਨਖੜ ਨੇ ਹਿਲਟਨ ਹੋਟਲ ‘ਚ ਔਰਤਾਂ ਨਾਲ ਬਲਾਤਕਾਰ ਕਰਦੇ ਸਮੇਂ ਘਟਨਾ ਨੂੰ ਰਿਕਾਰਡ ਕਰਨ ਲਈ ਅਲਾਰਮ ਕਲਾਕ ‘ਚ ਲੁਕੇ ਕੈਮਰੇ ਦੀ ਵਰਤੋਂ ਕੀਤੀ ਸੀ। ਇਸ ਸਮੇਂ ਦੌਰਾਨ, ਵਕੀਲਾਂ ਨੇ ਕਿਹਾ, ਧਨਖੜ ਨੇ ਨੀਂਦ ਦੀ ਗੋਲੀ ਸਟੀਲਨੋਕਸ ਜਾਂ ਬਦਨਾਮ ‘ਡੇਟ-ਰੇਪ’ ਡਰੱਗ ‘ਰੋਹੀਪਨੋਲ’ ਨੂੰ ਅਲਕੋਹਲ ਅਤੇ ਹੋਰ ਪੀਣ ਵਾਲੇ ਪਦਾਰਥਾਂ ਨਾਲ ਮਿਲਾਇਆ।

# ਪੰਜਾਬ ‘ਚ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕੋਈ ਪਹਿਲਾ ਮੌਕਾ ਨਹੀਂ:ਵਰਲਡ ਸਿੱਖ ਪਾਰਲੀਮੈਂਟ

ਫਰੈਂਕਫਰਟ (ਸੰਦੀਪ ਕੌਰ ਮਿਆਣੀ)- ਵਰਲਡ ਸਿੱਖ ਪਾਰਲੀਮੈਂਟ ਯੂਰਪ ਦੇ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ, ਇੰਗਲੈਂਡ ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਪ੍ਰਿਪਾਲ ਸਿੰਘ ਸਵਿਟਜ਼ਰਲੈਂਡ, ਭਾਈ ਗੁਰਪਾਲ ਸਿੰਘ ਜਰਮਨੀ, ਭਾਰੀ ਜਤਿੰਦਰ ਸਿੰਘ, ਭਾਈ ਸ਼ਿੰਗਾਰਾ ਸਿੰਘ ਮਾਨ ਫਰਾਂਸ, ਭਾਈ ਜਸਵਿੰਦਰ ਸਿੰਘ, ਭਾਈ ਹਰਜੀਤ ਸਿੰਘ, ਹਰਜੋਤ ਸਿੰਘ ਸੰਧੂ ਹਾਲੈਂਡ ਨੇ ਬਿਆਨ ‘ਚ ਕਿਹਾ ਕਿ ਭਾਰਤ ਦੀ ਹਿੰਦੂਤਵ ਸਰਕਾਰ ਤੇ ਇਸ ਦੀ ਹੱਥ ਠੋਕਾ ਪੰਜਾਬ ਸਰਕਾਰ ਵਲੋਂ ਜੋ ਸਿੱਖ ਨੂਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਚੱਕਰ ਚਲਾਇਆ ਜਾ ਰਿਹਾ ਹੈ, ਇਹ ਪੰਜਾਬ ‘ਤੇ ਜ਼ਾਲਮ ਸਰਕਾਰਾਂ ਦਾ ਦਮਨ ਚੱਕਰ ਦਾ ਕੋਈ ਪਹਿਲਾ ਮੌਕਾ ਨਹੀਂ ਹੈ ਪਰ ਸਿੱਖੀ ਦਾ ਪ੍ਰਚਾਰ ਕਰ ਰਹੇ ਨੌਜਵਾਨ ਅੰਮ੍ਰਿਤਪਾਲ ਸਿੰਘ ਤੇ ਉਸ ਦਾ ਸਾਥੀਆਂ ਨੂੰ ਜਿਸ ਤਰਾਂ ਅਪਰਾਧੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਪਿੰਡ-ਪਿੰਡ ਫੜੋ ਫੜੀ ਕੀਤੀ ਜਾ ਰਹੀ ਹੈ ਉਸ ਤੋਂ ਇਹ ਸਾਫ ਸਾਬਤ ਹੁੰਦਾ ਹੈ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ ‘ਚ ਸਿੱਖ ਸਦਾ ਹੀ ਦੋਸ਼ੀ ਰਹਿਣਗੇ।ਪੰਜਾਬ ਅੰਦਰ ਰਾਜ ਕਰ ਰਹੀ ਭਗਵੰਤ ਮਾਨ ਸਰਕਾਰ ਵਲੋਂ ਜਿਸ ਤਰ੍ਹਾਂ ਦਿੱਲੀ ਦੀ ਸਰਕਾਰ ਨਾਲ ਮਿਲ ਕੇ ਸਿੱਖ ਨੌਜਾਵਾਨਾਂ ਦਾ ਘਾਣ ਕਰਨ ਦਾ ਰਾਹ ਫੜਿਆ ਹੈ, ਉਸ ਤੋਂ ਇਹ ਸਰਕਾਰ ਵੀ ਪੂਰੀ ਤਰ੍ਹਾਂ ਹੁਣ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਵਾਲੀ ਕਤਾਰ ‘ਚ ਖੜੀ ਹੋ ਗਈ ਹੈ।

# ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਨਵੀਂ ਕਮੇਟੀ ਨੇ ਚਾਰਜ ਸੰਭਾਲਿਆ



ਐਬਟਸਫੋਰਡ-ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਨਵੇਂ ਚੁਣੇ ਗਏ ਪ੍ਰਧਾਨ ਮਨਿੰਦਰ ਸਿੰਘ ਗਿੱਲ ਤੇ ਉਹਨਾਂ ਦੀ ਟੀਮ ਵਲੋਂ ਗੁਰਦੁਆਰਾ ਸਾਹਿਬ ਦਾ ਕਾਰਜਭਾਰ ਸੰਭਾਲ ਲਿਆ ਗਿਆ ਹੈ। ਬੀਤੇ ਦਿਨ ਸਾਬਕਾ ਪ੍ਰਧਾਨ ਜਤਿੰਦਰ ਸਿੰਘ ਹੈਪੀ ਗਿੱਲ ਨੇ ਨਵੀ ਕਮੇਟੀ ਨੂੰ ਗੁਰਦੁਆਰਾ ਸਾਹਿਬ ਦੇ ਸਾਰੇ ਪ੍ਰਬੰਧ ਸੌਂਪ ਦਿੱਤੇ। ਇਸ ਸਬੰਧੀ ਜਨਰਲ ਸਕੱਤਰ ਰਾਜਿੰਦਰ ਸਿੰਘ ਗਰੇਵਾਲ ਨੇ ਜਾਣਕਾਰੀ ਦਿੰਦਿਆਂ ਨਵੀਂ ਕਮੇਟੀ ਨੂੰ ਕਾਰਜਭਾਰ ਸੰਭਾਲਣ ਲਈ ਸੰਗਤ ਅਤੇ ਪੁਰਾਣੀ ਕਮੇਟੀ ਦਾ ਧੰਨਵਾਦ ਕੀਤਾ ਹੈ। ਉਹਨਾਂ ਦੱਸਿਆ ਕਿ ਨਵੀ ਪ੍ਰਬੰਧਕੀ ਕਮੇਟੀ ਵਲੋਂ ਵਾਹਿਗੁਰੂ ਦੇ ਸੁਕਰਾਨੇ ਵਜੋਂ ਇਸ ਸ਼ੁਕਰਵਾਰ 24 ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਆਰੰਭ ਕਰਵਾਏ ਜਾਣਗੇ ਜਿਹਨਾਂ ਦੇ ਭੋਗ 26 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਹਨਾਂ ਸਮੂਹ ਸੰਗਤ ਨੂੰ ਇਸ ਮੌਕੇ ਹੁੰਮਹੁਮਾਕੇ ਪੁੱਜਣ ਦੀ ਅਪੀਲ ਕੀਤੀ ਹੈ। ਇਸ ਮੌਕੇ ਦੀਵਾਨ ਸਜਾਏ ਜਾਣਗੇ ਤੇ ਗੁਰੂ ਕੇ ਲੰਗਰ ਅਤੁਟ ਵਰਤਣਗੇ।

# ਭਾਈ ਅੰਮ੍ਰਿਤਪਾਲ ਸਿੰਘ ਤੇ ਲਾਏ ਜਾ ਰਹੇ ਹਨ ਝੂਠੇ ਇਲਜ਼ਾਮ

ਅੰਮ੍ਰਿਤਸਰ:ਇੱਕ ਪਾਸੇ ਪੁਲਿਸ ਦਾਅਵਾ ਕਰ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਨਾਲ ਨੇੜਤਾ ਹੈ ਅਤੇ ਉਸ ਨੂੰ ਪੰਜਾਬ ਵਿੱਚ ਅਸ਼ਾਂਤੀ ਫੈਲਾਉਣ ਲਈ ਵਿਦੇਸ਼ਾਂ ਤੋਂ ਫੰਡਿੰਗ ਮਿਲਦੀ ਹੈ। ਦੂਜੇ ਪਾਸੇ ਮੀਡੀਆ ਨਾਲ ਗੱਲਬਾਤ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਨੂੰ ਝੂਠਾ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਪਾਲ ਸਿੰਘ ਆਮ ਆਦਮੀ ਸੀ, ਉਸ ਨੂੰ ਜਾਣ ਬੁੱਝ ਕੇ ਅਪਰਾਧੀ ਬਣਾਇਆ ਗਿਆ ਹੈ।ਉਸ ਨੂੰ ਯਕੀਨ ਹੈ ਕਿ ਉਸ ਦਾ ਪੁੱਤਰ ਪੁਲਿਸ ਨੇ ਫੜ ਲਿਆ ਹੈ।ਤਰਸੇਮ ਸਿੰਘ ਨੇ ਕਿਹਾ ਕਿ ਜੇਕਰ ਪੁਲਿਸ ਨੇ ਉਨ੍ਹਾਂ ਦੇ ਲੜਕੇ ਨੂੰ ਗ੍ਰਿਫ਼ਤਾਰ ਕਰਨਾ ਸੀ ਤਾਂ ਅਜਿਹਾ ਤਮਾਸ਼ਾ ਬਣਾਉਣ ਦੀ ਲੋੜ ਨਹੀਂ ਸੀ। ਪੁਲਿਸ ਉਸ ਨੂੰ ਘਰੋਂ ਵੀ ਅਸਾਨੀ ਨਾਲ ਗ੍ਰਿਫ਼ਤਾਰ ਕਰ ਸਕਦੀ ਸੀ। ਅੰਮ੍ਰਿਤਪਾਲ ਸਿੰਘ ਸ਼ਨੀਵਾਰ ਨੂੰ ਇਕ-ਦੋ ਥਾਵਾਂ ’ਤੇ ਆਪਣੇ ਪ੍ਰੋਗਰਾਮ ’ਚ ਹਿੱਸਾ ਲੈਣ ਗਿਆ ਸੀ ਤਾਂ ਪੁਲਸ ਨੇ ਡਰਾਮਾ ਕੀਤਾ।









# ਪੰਜਾਬ ’ਚ ਆ ਰਹੇ ਕੁਦਰਤੀ ਪਾਣੀ ‘ਤੇ ਵੀ ਹਿਮਾਚਲ ਨੂੰ ਟੈਕਸ ਦੇਣਾ ਪਵੇਗਾ...

2018 ਵਿਚ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ (ਭਾਜਪਾ) ਨੇ ਪੰਜਾਬ ਨੂੰ ਪਾਣੀ ਦੇਣ ’ਤੇ ਟੈਕਸ ਲਗਾਉਣ ਦੀ ਗੱਲ ਕੀਤੀ ਸੀ ਤੇ ਹੁਣ ਹਿਮਾਚਲ ਦੀ ਕਾਂਗਰਸ ਸਰਕਾਰ ਨੇ ਹਿਮਾਚਲ ਦੇ ਪਾਣੀ ਤੇ ਸੈਸ ਲਗਾਉਣ ਦਾ ਕਾਨੂੰਨ ਪਾਸ ਕਰ ਦਿਤਾ ਹੈ। ਅੱਜ ਤੋਂ ਬਾਅਦ ਜੋ ਕੋਈ ਵੀ ਹਿਮਾਚਲ ’ਚੋਂ ਲੰਘਦੇ ਕੁਦਰਤੀ ਪਾਣੀ ਨੂੰ ਇਸਤੇਮਾਲ ਕਰਨਾ ਚਾਹੇਗਾ, ਉਸ ਨੂੰ ਪਹਿਲਾਂ ਟੈਕਸ ਅਦਾ ਕਰਨਾ ਪਵੇਗਾ। ਕਿਉਂਕਿ ਪੰਜਾਬ ਦੇ ਪਾਣੀ ਹਿਮਾਚਲ ’ਚੋਂ ਲੰਘ ਕੇ ਆਉਂਦੇ ਹਨ, ਇਸ ਲਈ ਪੰਜਾਬ ’ਤੇ ਇਸ ਦਾ ਵੱਡਾ ਆਰਥਕ ਬੋਝ ਪਵੇਗਾ।

ਹਿਮਾਚਲ ਵਲੋਂ ਇੰਜ ਕਰਨ ਦਾ ਕਾਰਨ ਇਹ ਹੈ ਕਿ ਹਿਮਾਚਲ ਪ੍ਰਦੇਸ਼ ਦੇ ਸਿਰ ’ਤੇ ਕਈ ਹਜ਼ਾਰ ਕਰੋੜ ਦਾ ਕਰਜ਼ਾ ਚੜ੍ਹਿਆ ਹੋਇਆ ਹੈ ਤੇ ਉਹ ਹੁਣ ਇਸ ਕੋਸ਼ਿਸ਼ ਵਿਚ ਜੁਟ ਗਿਆ ਹੈ ਕਿ ਇਹ ਕਰਜ਼ਾ ਉਤਾਰਿਆ ਜਾਵੇ। ਇਸ ਕੰਮ ਨੂੰ ਲੈ ਕੇ, ਹਿਮਾਚਲ ਦੇ ਮੁੱਖ ਮੰਤਰੀ ਨੇ ਪਾਣੀ ’ਤੇ ਵੀ ਟੈਕਸ ਲਗਾਉਣ ਦੀ ਪਹਿਲ ਕਰ ਦਿਤੀ ਤੇ ਸੱਤਾ ਵਿਚ ਆਉਂਦੇ ਹੀ ਪੈਟਰੋਲ ’ਤੇ ਵੀ ਟੈਕਸ ਵਧਾ ਦਿਤਾ ਅਤੇ ਹੁਣ ਉਸ ਨੇ ਹਿਮਾਚਲ ਵਿਚ ਸੈਲਾਨੀਆਂ ’ਤੇ ਟੈਕਸ ਵਧਾਉਣ ਦਾ ਫ਼ੈਸਲਾ ਵੀ ਕਰ ਲਿਆ ਹੈ ਤੇ ਸ਼ਰਾਬ ਦੀ ਇਕ ਬੋਤਲ ’ਤੇ ਸੱਤ ਤੋਂ ਵਧਾ ਕੇ 17 ਫ਼ੀ ਸਦੀ ਪ੍ਰਤੀ ਬੋਤਲ ਟੈਕਸ ਕਰ ਦਿਤਾ ਹੈ। ਸਿਰਫ਼ ਪਾਣੀ ਦੇ ਟੈਕਸ ਤੋਂ ਹਿਮਾਚਲ 4000 ਕਰੋੜ ਦੀ ਆਮਦਨ ਬਣਾਉਣ ਜਾ ਰਿਹਾ ਹੈ।

ਇਹ ਪੰਜਾਬ ਦੇ ਭਲੇ ਦੀ ਗੱਲ ਨਹੀਂ ਹੈ ਪਰ ਹਿਮਾਚਲੀ ਨਾਗਰਿਕ ਦੇ ਪੱਖੋਂ ਸਹੀ ਵੀ ਹੈ ਕਿਉਂਕਿ ਮੁੱਖ ਮੰਤਰੀ ਸੂਬੇ ਵਾਸਤੇ ਸੋਚ ਰਿਹਾ ਹੈ। ਪਰ ਪੰਜਾਬ ਦੇ ਸਿਰ ’ਤੇ ਵੱਡੇ ਭਰਾ ਦਾ ਤਾਜ ਰਖ ਕੇ ਇਸ ਨੂੰ ਲੁਟਿਆ ਗਿਆ ਹੈ ਤੇ ਅਜਿਹੀਆਂ ਨੀਤੀਆਂ ਬਣਾਈਆਂ ਗਈਆਂ ਹਨ ਜੋ ਪੰਜਾਬ ਦੇ ਪੱਲੇ ਕੁੱਝ ਨਹੀਂ ਰਹਿਣ ਦੇਂਦੀਆਂ। ਹਰਿਆਣਾ ਵੀ ਅਪਣੇ ਬਾਰੇ ਸੋਚਦਾ ਹੈ ਤੇ ਆਖਦਾ ਹੈ ਕਿ ਜਦ ਤਕ ਉਹ ਯਮੁਨਾ ਨਾਲ ਸਬੰਧਤ ਅਪਣੇ ਡੈਮ ਨਹੀਂ ਬਣਾ ਲੈਂਦਾ, ਉਹ ਪੰਜਾਬ ਤੋਂ ਮੁਫ਼ਤ ਪਾਣੀ ਲੈਂਦਾ ਰਹੇਗਾ। ਉਹ ਅਪਣੇ ਡੈਮ ਬਣਾਉਣ ਵਿਚ ਤੇਜ਼ੀ ਹੀ ਨਹੀਂ ਵਿਖਾ ਰਿਹਾ ਕਿਉਂਕਿ ਮੁਫ਼ਤ ਪਾਣੀ ਮਿਲਦਾ ਆ ਰਿਹਾ ਹੈ।

ਹੌਲੀ ਹੌਲੀ ਜੰਮੂ-ਕਸ਼ਮੀਰ ਤੋਂ ਵੀ ਇਹ ਆਵਾਜ਼ ਉਠਣੀ ਸ਼ੁਰੂ ਹੋ ਗਈ ਹੈ ਕਿ ਪਾਕਿਸਤਾਨ ਨਾਲ ਬਟਵਾਰੇ ਸਮੇਂ ਹੋਏ ਪਾਣੀਆਂ ਦੇ ਸਮਝੌਤੇ ਵਿਚ ਕਸ਼ਮੀਰ ਦੇ ਹਿੱਸੇ ਦੇ ਪਾਣੀਆਂ (ਜਿਹਲਮ, ਚਨਾਬ, ਸਿੰਧ ਦਰਿਆਵਾਂ) ਨੂੰ ਪਾਕਿਸਤਾਨ ਦੇ ਖਾਤੇ ਵਿਚ ਪਾ ਦਿਤਾ ਗਿਆ ਜਿਸ ਨਾਲ ਜੰਮੂ-ਕਸ਼ਮੀਰ ਦਾ 6500 ਕਰੋੜ ਦਾ ਨੁਕਸਾਨ ਹੋਇਆ ਹੈ। ਇਕ ਪਾਸੇ ਸਾਰੇ ਸੂਬੇ ਘਬਰਾਏ ਹੋਏ ਹਨ ਕਿਉਂਕਿ ਉਹਨਾਂ ਦੀ ਆਮਦਨ ਘਟਦੀ ਜਾਂਦੀ ਹੈ ਤੇ ਕੁਦਰਤੀ ਸਰੋਤਾਂ ਵਲ ਨਜ਼ਰ ਮਾਰਨਾ ਸਹੀ ਹੈ ਪਰ ਅਪਣੇ ਹੱਕਾਂ ਵਾਸਤੇ ਕਿਸੇ ਹੋਰ ਸੂਬੇ ਨੂੰ ਕਮਜ਼ੋਰ ਕਰਨਾ ਸਹੀ ਨਹੀਂ। ਪੰਜਾਬ ਦੀ ਤਰਾਸਦੀ ਹੈ ਕਿ ਉਸ ਦੀ ਪੈਰਵੀ ਕਮਜ਼ੋਰ ਆਗੂਆਂ ਦੇ ਹੱਥਾਂ ਵਿਚ ਰਹੀ ਹੈ ਜਿਨ੍ਹਾਂ ਨੇ ਪੰਜਾਬ ਦੇ ਸਿਰ ’ਤੇ ਚੜ੍ਹਦੇ ਕਰਜ਼ੇ ਦੀ ਪ੍ਰਵਾਹ ਨਹੀਂ ਕੀਤੀ ਬਲਕਿ ਅਪਣੇ ਨਿਜੀ ਖ਼ਜ਼ਾਨੇ ਭਰਨ ਤੇ ਦੇਸ਼ ਵਿਦੇਸ਼ ਵਿਚ ਨਿਜੀ ਜਾਇਦਾਦਾਂ ਬਣਾਉਣ ਬਾਰੇ ਹੀ ਸੋਚਿਆ।

ਇਹ ਹਿਮਾਚਲ ਦੀ ਖ਼ੁਸ਼ਕਿਸਮਤੀ ਹੈ ਕਿ ਉਹਨਾਂ ਦਾ ਮੁੱਖ ਮੰਤਰੀ ਉਨ੍ਹਾਂ ਬਾਰੇ ਉਸ ਤਰਾਂ ਹੀ ਸੋਚ ਰਿਹਾ ਹੈ ਜਿਵੇਂ ਕਦੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦੇ ਪਾਣੀਆਂ ਬਾਰੇ ਠੋਸ ਕਦਮ ਚੁੱਕਣ ਵੇਲੇ ਸੋਚਿਆ ਸੀ। ਪਰ ਅੱਜ ਲੋੜ ਹੈ ਹਿਮਾਚਲ ਦੇ ਆਰਡੀਨੈਂਸ ਦੇ ਹਵਾਲੇ ਨਾਲ ਪੰਜਾਬ ਦੇ ਪਾਣੀਆਂ ਦੀ ਕੀਮਤ ਦਿੱਲੀ, ਹਰਿਆਣਾ ਅਤੇ ਰਾਜਸਥਾਨ ਕੋਲੋਂ ਵਸੂਲੀ ਜਾਵੇ। ਪੰਜਾਬ ਦਾ ਅਪਣੇ ਦਰਿਆਵਾਂ ’ਤੇ ਪੂਰਾ ਹੱਕ ਵੀ ਨਹੀਂ ਮੰਨਿਆ ਜਾ ਰਿਹਾ ਤੇ ਉਪਰੋਂ ਹੁਣ ਅਪਣੇ ਵਲ ਆਉਂਦੇ ਪਾਣੀ ’ਤੇ ਟੈਕਸ ਵੀ ਭਰਨ ਦੀ ਗੱਲ ਉਸ ਨੂੰ ਬਰਦਾਸ਼ਤ ਕਰਨ ਲਈ ਕਿਹਾ ਜਾਵੇਗਾ। ਪਰ ਜਦ ਤਕ ਸਾਡੇ ਸਾਰੇ ਪੰਜਾਬੀ ਆਗੂ ਪੰਜਾਬ ਨੂੰ ਬਚਾਉਣ ਵਾਸਤੇ ਇਕਮੁਠ ਨਹੀਂ ਹੁੰਦੇ, ਇਹ ਮੁੱਦਾ ਕਦੇ ਵੀ ਨਹੀਂ ਸੁਲਝੇਗਾ। ਇਹ ਆਪ, ਕਾਂਗਰਸ ਜਾਂ ਭਾਜਪਾ ਦੀ ਲੜਾਈ ਨਹੀਂ, ਇਹ ਇਕ ਸੂਬੇ ਦੇ ਹੱਕਾਂ ਦੀ ਲੜਾਈ ਹੈ। ਹੁਣ ਤੂੰ-ਤੂੰ, ਮੈਂ ਮੈਂ ਕਰ ਕੇ ਸਿਆਸੀ ਰੋਟੀਆਂ ਸੇਕਣ ਦਾ ਵਕਤ ਨਹੀਂ ਬਲਕਿ ਪੰਜਾਬ ਦੇ ਹੱਕਾਂ ਵਾਸਤੇ ਕਾਨੂੰਨੀ ਲੜਾਈ ਇਕਜੁਟ ਹੋ ਕੇ ਲੜਨ ਦਾ ਵਕਤ ਹੈ।

**- ਨਿਮਰਤ ਕੌਰ**

# ਮੁੱਦਕੀ ਮੋਰਚਾ:ਜੰਗ ਪਾਣੀਆਂ



ਫਰੀਦਕੋਟ:ਪੰਜਾਬ ਵਿੱਚ ਜ਼ਮੀਨੀ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਮਾਹਿਰਾਂ ਦੀ ਰਾਇ ਮੁਤਾਬਿਕ ਆਉਂਦੇ 15 ਸਾਲਾਂ ਵਿੱਚ ਪੰਜਾਬ ਦਾ ਜਮੀਨੀ ਪਾਣੀ ਤਕਰੀਬਨ ਖ਼ਤਮ ਹੋ ਜਾਣਾ ਹੈ।ਇਸ ਸਮੱਸਿਆ ਬਾਬਤ ਹਰ ਪੰਜਾਬ ਹਿਤੈਸ਼ੀ ਫਿਕਰਮੰਦ ਹੈ। ਪੰਜਾਬ ਦੀਆਂ ਨਹਿਰਾਂ ਨੂੰ ਪੱਕਿਆਂ ਕਰਨ ਨਾਲ ਇਹ ਜਲ ਸੰਕਟ ਹੋਰ ਗੰਭੀਰ ਹੋ ਜਾਵੇਗਾ।ਇਸ ਸਬੰਧੀ ਹੁੰਦੀ ਲੁੱਟ ਨੂੰ ਰੋਕਣ ਲਈ ਲੋਕਾਂ ਵੱਲੋਂ ਕਈ ਵਾਰੀ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ। ਆਖਰ ਨੂੰ ਕੋਈ ਸੁਣਵਾਈ ਨਾ ਹੋਣ ਦੀ ਹਾਲਤ ਵਿਚ ਮੁੱਦਕੀ ਮੋਰਚੇ ਵੱਲੋਂ ਨਹਿਰਾਂ ਪੱਕੀਆਂ ਕਰਨ ਵਿਰੁੱਧ ਘੱਲ ਕਲਾਂ ਵਿਖੇ ਫਿਰੋਜ਼ਪੁਰ-ਮੋਗਾ ਸੜਕ ’ਤੇ ਨਹਿਰਾਂ ਦੇ ਪੁਲ ਉੱਤੇ ਪੱਕਾ ਮੋਰਚਾ ਲਗਾਇਆ ਗਿਆ ਹੈ।ਭਾਵੇਂ ਕਿ ਰਾਜਸਥਾਨ ਨੂੰ ਜਾਂਦਾ ਪਾਣੀ ਬਾਰ ਬਾਰ ਲੋਕਾਂ ਦੇ ਕਹਿਣ ਦੇ ਬਾਵਜੂਦ ਵੀ ਸਰਕਾਰਾਂ ਦੇ ਧਿਆਨ ਵਿੱਚ ਨਹੀਂ ਆਇਆ, ਪਰ ਆਪਣੇ ਪਾਣੀਆਂ ਨੂੰ ਬਚਾਉਣ ਲਈ ਦੋ ਦਿਨ ਪਹਿਲਾਂ ਲਗੇ ਮੋਰਚੇ ਸਬੰਧੀ ਪ੍ਰਸ਼ਾਸਨ ਵੱਲੋਂ ਇਕ ਨੋਟਿਸ ਜਾਰੀ ਵੀ ਹੋ ਗਿਆ ਹੈ ਜਿਸ ਵਿੱਚ ਧਰਨੇ ਨੂੰ ਨਾਜਾਇਜ਼ ਕਰਾਰਦਿਆਂ ਮੋਹਰੀ ਬੰਦਿਆਂ ਦੇ ਵਿਰੁੱਧ ਧਰਨਾ ਖਤਮ ਨਾ ਕਰਨ ਦੀ ਹਾਲਤ ਵਿੱਚ ਬਣਦੀ ਕਨੂੰਨੀ ਕਾਰਵਾਈ ਕਰਨ ਦੀ ਚਿਤਾਵਨੀ ਵੀ ਹੈ। ਮੌਜੂਦਾ ਸਰਕਾਰ ਤੋਂ ਆਸ ਕੀਤੀ ਜਾ ਰਹੀ ਹੈ ਕਿ ਉਹ ਪੰਜਾਬ ਦੇ ਪਾਣੀ ਦੇ ਮਸਲਿਆਂ ਦੇ ਸਬੰਧ ਵਿੱਚ ਸਰਸਰੀ ਵਾਲਾ ਵਿਹਾਰ ਛੱਡ ਕੇ ਸੰਜੀਦਗੀ ਨਾਲ ਸੋਚੇ।

# ਪੰਜਾਬ ਸਰਕਾਰ ਸਖਤ ਕਦਮ ਚੁੱਕਣ ਤੋਂ ਨਹੀਂ ਡਰਦੀ:ਕੇਜਰੀਵਾਲ

ਨਵੀਂ ਦਿੱਲੀ:ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸੂਬਾ ਸਰਕਾਰ ਪੰਜਾਬ ‘ਚ ਅਪਰਾਧਿਕ ਗਤੀਵਿਧੀਆਂ ਨਾਲ ਨਜਿੱਠਣ ਲਈ ਸਖਤ ਕਦਮ ਚੁੱਕਣ ਤੋਂ ਨਹੀਂ ਡਰਦੀ।ਉਨ੍ਹਾਂ ਦੀ ਇਹ ਟਿੱਪਣੀ ਪੰਜਾਬ ਪੁਲਸ ਵੱਲੋਂ ਅੰਮ੍ਰਿਪਾਲ ਸਿੰਘ ਅਤੇ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੈਂਬਰਾਂ ਖਿਲਾਫ ਮੁਹਿੰਮ ਤੋਂ ਬਾਅਦ ਆਈ ਹੈ।ਕੇਜਰੀਵਾਲ ਨੇ ਕਿਹਾ—ਜਦੋਂ ਅਸੀਂ ਪੰਜਾਬ ਵਿਚ ਸੱਤਾ ਵਿਚ ਆਏ ਤਾਂ ਲੋਕਾਂ ਨੇ ਕਿਹਾ ਕਿ ‘ਆਪ’ ਸਿਰਫ ਸਿੱਖਿਆ, ਸਿਹਤ ਅਤੇ ਬਿਜਲੀ ਦੇ ਖੇਤਰਾਂ ਵਿਚ ਕੰਮ ਕਰ ਸਕਦੀ ਹੈ, ਕਾਨੂੰਨ ਵਿਵਸਥਾ ਨੂੰ ਸੰਭਾਲਣਾ ਮੁਸ਼ਕਲ ਹੋਵੇਗਾ।ਸਾਨੂੰ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ ‘ਚ ਜੋ ਮਿਲਿਆ ਹੈ, ਉਸ ਤੋਂ ਲੱਗਦਾ ਹੈ ਕਿ ਅਪਰਾਧੀਆਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ, ਪਰ ਸਾਡੀ ਸਰਕਾਰ ਇਮਾਨਦਾਰ ਹੈ।ਅਸੀਂ ਅਜਿਹੇ ਅਨਸਰਾਂ ਖਿਲਾਫ ਸਖਤ ਕਾਰਵਾਈ ਕਰਦੇ ਹਾਂ।

Sidhu Homeopathic Clinic
Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੁਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Dr. Malkit Singh Sidhu
D.H.M.S. (Hons.)
drmsidhu2@gmail.com
Dr. Kirandeep Kaur Sidhu
D.H.M.S. (Pb.)
drksidhu70@gmail.com
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਕੈਨੇਡਾ ਵਿਚ ਸਿੱਖ ਵਿਦਿਆਰਥੀ 'ਤੇ ਹਮਲਾ
## ਕੁੱਟਮਾਰ ਦੌਰਾਨ ਉਤਾਰੀ ਪੱਗ, ਕੇਸਾਂ ਦੀ ਕੀਤੀ ਬੇਅਦਬੀ

ਟੋਰਾਂਟੋ:ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਇਕ 21 ਸਾਲਾ ਸਿੱਖ ਵਿਦਿਆਰਥੀ 'ਤੇ ਕੁਝ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰਕੇ ਉਸ ਦੀ ਪੱਗ ਲਾਹ ਦਿੱਤੀ ਅਤੇ ਵਾਲਾਂ ਤੋਂ ਘਸੀਟ ਕੇ ਉਸ ਨੂੰ ਸੜਕ ਦੇ ਕਿਨਾਰੇ ਲੈ ਗਏ। ਮੀਡੀਆ ਰਿਪੋਰਟਾਂ 'ਚ ਇਹ ਜਾਣਕਾਰੀ ਦਿੱਤੀ ਗਈ ਹੈ।ਸਥਾਨਕ ਮੀਡੀਆ ਮੁਤਾਬਕ ਗਗਨਦੀਪ ਸਿੰਘ 'ਤੇ ਸ਼ੁੱਕਰਵਾਰ ਰਾਤ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਘਰ ਪਰਤ ਰਿਹਾ ਸੀ।ਕੌਂਸਲਰ ਮੋਹਿਨੀ ਸਿੰਘ ਨੇ ਦੱਸਿਆ ਕਿ ਉਹਨਾਂ ਨੂੰ ਇਸ ਹਮਲੇ ਬਾਰੇ ਕੁਝ ਦੇਰ ਬਾਅਦ ਪਤਾ ਲੱਗਿਆ ਅਤੇ ਉਹ ਗਗਨਦੀਪ ਨੂੰ ਮਿਲਣ ਗਏ। ਉਹਨਾਂ ਦੱਸਿਆ, ''ਮੈਂ ਉਸ ਨੂੰ ਦੇਖ ਕੇ ਹੈਰਾਨ ਰਹਿ ਗਈ। ਉਹ ਆਪਣਾ ਮੂੰਹ ਵੀ ਨਹੀਂ ਖੋਲ੍ਹ ਸਕਦਾ ਸੀ।" ਮੋਹਿਨੀ ਸਿੰਘ ਨੇ ਕਿਹਾ ਕਿ ਗਗਨਦੀਪ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਉਹ ਬਹੁਤ ਦਰਦ ਵਿਚ ਸੀ।ਕੌਂਸਲਰ ਨੇ ਦੱਸਿਆ ਕਿ ਗਗਨਦੀਪ ਰਾਤ ਕਰੀਬ 10.30 ਵਜੇ ਕਰਿਆਨੇ ਦੀ ਖਰੀਦਦਾਰੀ ਕਰਕੇ ਘਰ ਜਾ ਰਿਹਾ ਸੀ ਜਦੋਂ ਉਸ ਦਾ ਅਣਪਛਾਤੇ ਨੌਜਵਾਨਾਂ ਨਾਲ ਸਾਹਮਣਾ ਹੋਇਆ।



ਇਹ ਨੌਜਵਾਨ ਗਗਨਦੀਪ ਨੂੰ ਪਰੇਸ਼ਾਨ ਕਰਨ ਲੱਗੇ ਅਤੇ ਵਿਦਿਆਰਥੀ ਨੇ ਉਹਨਾਂ ਨੂੰ ਕਿਹਾ ਕਿ ਉਸ ਨੂੰ ਪਰੇਸ਼ਾਨ ਨਾ ਕਰੋ, ਨਹੀਂ ਤਾਂ ਉਹ ਪੁਲਿਸ ਨੂੰ ਬੁਲਾ ਲਵੇਗਾ।ਇਸ ਦੇ ਬਾਵਜੂਦ ਉਹ ਨਹੀਂ ਰੁਕੇ, ਇਸ ਤੋਂ ਬਾਅਦ ਗਗਨਦੀਪ ਬੱਸ ਤੋਂ ਹੇਠਾਂ ਉਤਰ ਗਿਆ। ਉਹ ਵੀ ਉਸ ਦੇ ਮਗਰ ਉਤਰੇ ਅਤੇ ਬੱਸ ਦੇ ਜਾਣ ਦੀ ਉਡੀਕ ਕਰਨ ਲੱਗੇ।ਫਿਰ ਉਹਨਾਂ ਨੇ ਉਸ 'ਤੇ ਹਮਲਾ ਕਰਕੇ ਉਸ ਦੇ ਚਿਹਰੇ, ਪੇਟ, ਬਾਹਾਂ ਅਤੇ ਲੱਤਾਂ 'ਤੇ ਸੱਟਾਂ ਮਾਰੀਆਂ... ਉਸ ਦੀ ਪੱਗ ਲਾਹ ਦਿੱਤੀ ਅਤੇ ਵਾਲਾਂ ਤੋਂ ਘਸੀਟ ਕੇ ਸੜਕ ਕਿਨਾਰੇ ਗੰਦੀ ਬਰਫ 'ਤੇ ਸੁੱਟ ਦਿੱਤਾ' ਹਮਲਾਵਰ ਉਸ ਦੀ ਪੱਗ ਆਪਣੇ ਨਾਲ ਲੈ ਗਏ।

ਹੋਸ਼ ਆਉਣ 'ਤੇ ਗਗਨਦੀਪ ਨੇ ਆਪਣੇ ਦੋਸਤ ਨੂੰ ਫ਼ੋਨ ਕੀਤਾ। ਮੋਹਿਨੀ ਸਿੰਘ ਨੇ ਦੱਸਿਆ ਕਿ ਗਗਨਦੀਪ ਦੇ ਦੋਸਤ ਅਤੇ ਅੰਤਰਰਾਸ਼ਟਰੀ ਸਾਥੀ ਵਿਦਿਆਰਥੀ ਹਮਲੇ ਤੋਂ ਬਹੁਤ ਪਰੇਸ਼ਾਨ ਅਤੇ ਡਰੇ ਹੋਏ ਹਨ। ਐਤਵਾਰ ਨੂੰ ਬੱਸ ਸਟਾਪ 'ਤੇ ਮੀਟਿੰਗ ਕੀਤੀ ਗਈ, ਜਿਸ 'ਚ ਉਹਨਾਂ ਨੇ ਆਪਣੇ ਸੁਰੱਖਿਆ ਮੁੱਦਿਆਂ ਨੂੰ ਇਕ-ਦੂਜੇ ਨਾਲ ਸਾਂਝਾ ਕੀਤਾ। ਮੋਹਿਨੀ ਸਿੰਘ ਨੇ ਕਿਹਾ ਕਿ ਗਗਨਦੀਪ ਦਾ ਸਿੱਖ ਅਤੇ ਭਾਰਤੀ ਹੋਣਾ ਯਕੀਨੀ ਤੌਰ 'ਤੇ ਉਸ 'ਤੇ ਹਮਲੇ ਦਾ ਕਾਰਨ ਸੀ।ਕੇਲੋਨਾ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਇਕ ਬਿਆਨ ਵਿਚ ਪੁਸ਼ਟੀ ਕੀਤੀ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਕਾਂਸਟੇਬਲ ਮਾਈਕ ਡੇਲਾ-ਪੌਲਰ ਨੇ ਕਿਹਾ, "ਕੇਲੋਨਾ ਆਰਸੀਐਮਪੀ ਇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਿਹਾ ਹੈ ਅਤੇ ਅਸੀਂ ਸ਼ਹਿਰ ਵਿਚ ਇਸ ਤਰ੍ਹਾਂ ਦੇ ਅਪਰਾਧਾਂ ਨੂੰ ਲੈ ਕੇ ਚਿੰਤਤ ਹਾਂ।

# ਵਿਦੇਸ਼ ਮੰਤਰੀ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ, ਸਾਹਨੀ ਕਰੇਗਾ ਪੀੜਤ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸ਼ਨੀਵਾਰ ਨੂੰ ਸ਼੍ਰੀ ਐੱਸ. ਜੈਸ਼ੰਕਰ ਨੂੰ ਇਕ ਮੰਗ ਪੱਤਰ ਸੌਂਪਿਆ ਅਤੇ ਕੈਨੇਡਾ ਨੂੰ 700 ਭਾਰਤੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਨੂੰ ਰੋਕਣ ਲਈ ਦਖਲ ਦੇਣ ਦੀ ਅਪੀਲ ਕੀਤੀ ਹੈ। ਜਿਸ 'ਤੇ ਐੱਸ ਜੈਸ਼ੰਕਰ ਨੇ ਮਾਮਲੇ 'ਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਸਾਹਨੀ ਨੂੰ ਦੱਸਿਆ ਕਿ ਹੁਣ ਤੱਕ 100 ਦੇ ਕਰੀਬ ਵਿਦਿਆਰਥੀ ਟੋਰਾਂਟੋ ਸਥਿਤ ਭਾਰਤੀ ਵਣਜ ਦੂਤਘਰ ਤੱਕ ਪਹੁੰਚ ਚੁੱਕੇ ਹਨ। ਇਹਨਾਂ ਵਿੱਚੋਂ ਬਹੁਤੇ ਵਿਦਿਆਰਥੀ ਟੋਰਾਂਟੋ ਅਤੇ ਕੁਝ ਵੈਨਕੂਵਰ ਵਿੱਚ ਸਥਿਤ ਹਨ। ਵਿਦੇਸ਼ ਮੰਤਰਾਲੇ ਨੇ ਵੀ ਇਹ ਮੁੱਦਾ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਅਤੇ ਓਟਵਾ ਸਥਿਤ ਉਨ੍ਹਾਂ ਦੇ ਹਮਰੁਤਬਾ ਕੋਲ ਉਠਾਇਆ ਹੈ ਅਤੇ ਉਨ੍ਹਾਂ ਨੂੰ ਸਮੁੱਚੇ ਮਾਮਲੇ ਦੀ ਜਾਂਚ ਕਰਨ ਅਤੇ ਵਿਦਿਆਰਥੀਆਂ ਨੂੰ ਡਿਪੋਰਟ ਨਾ ਕਰਨ ਦੀ ਬੇਨਤੀ ਕੀਤੀ ਹੈ, ਕਿਉਂਕਿ ਉਨ੍ਹਾਂ ਨੇ ਕੈਨੇਡਾ ਜਾਣ ਲਈ ਲੱਖਾਂ ਰੁਪਏ ਖਰਚ ਕੀਤੇ ਹਨ। ਜਿਨ੍ਹਾਂ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਹੈ ਅਤੇ ਉਨ੍ਹਾਂ ਕੋਲ ਜ਼ਰੂਰੀ ਕੰਮ ਦਾ ਤਜਰਬਾ ਹੈ।

# ਕੈਨੇਡੀਅਨ ਸਿਆਸਤਦਾਨ ਜਗਮੀਤ ਸਿੰਘ ਦਾ ਟਵਿੱਟਰ ਖਾਤਾ ਵੀ ਭਾਰਤ 'ਚ ਹੋਇਆ ਬੰਦ

ਚੰਡੀਗੜ੍ਹ (ਗੁਰਪ੍ਰੀਤ ਸਿੰਘ ਅਣਖੀ)-'ਵਾਰਿਸ ਪੰਜਾਬ ਦੇ' ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਪੰਜਾਬ ਪੁਲਿਸ ਵਲੋਂ ਕੀਤੀ ਗਈ ਵੱਡੀ ਕਾਰਵਾਈ ਅਤੇ ਪੰਜਾਬ 'ਚ ਇੰਟਰਨੈੱਟ 'ਤੇ ਪਾਬੰਦੀ ਦੇ ਚਲਦਿਆਂ ਭਾਰਤ 'ਚ ਕਈ ਟਵਿੱਟਰ ਖਾਤਿਆਂ 'ਤੇ ਰੋਕ ਲਗਾ ਦਿੱਤੀ ਗਈ ਹੈ।

ਕੈਨੇਡੀਅਨ ਸਿਆਸਤਦਾਨ ਜਗਮੀਤ ਸਿੰਘ ਦਾ ਟਵਿੱਟਰ ਅਕਾਊਂਟ ਭਾਰਤ 'ਚ ਬੰਦ ਕਰ ਦਿੱਤਾ ਗਿਆ।ਇਸ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਦੇ ਹੱਕ 'ਚ ਪੋਸਟਾਂ ਪਾਉਣ ਵਾਲੇ ਕਈ ਖਾਤਿਆਂ 'ਤੇ ਵੀ ਭਾਰਤ ਸਰਕਾਰ ਦੀ ਮੰਗ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ।ਇਸ ਤੋਂ ਇਲਾਵਾ ਦੋ ਪੱਤਰਕਾਰਾਂ ਦੇ ਖਾਤੇ ਵੀ ਰੋਕੇ ਗਏ ਹਨ।


BHARTI ART JEWELLERS

WORLD CLASS IMPORTS OF GOLD AND DIAMOND JEWELLERY

ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ

USA ਕਸਟਮਰਜ਼ ਲਈ ਸਪੈਸ਼ਲ ਰੇਟ

42nd Anniversary Celebration



New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com



ਤੁਹਾਡੇ ਕਾਨੂੰਨੀ ਮਾਮਲਿਆਂ ਵਿਚ ਨੁਮਾਇੰਦਗੀ ਅਤੇ ਮਾਹਿਰ ਸਲਾਹ ਮਸ਼ਵਰਾ



**ਫੈਮਲੀ ਲਾਅ**
- ਵੱਖ ਵੱਖ ਹੋਏ,ਵਿਆਹ, ਪੀੜਤ ਅਤੇ ਮੁੜ ਇਕੱਠੇ ਰਹਿਣ ਲਈ ਸਮਝੌਤਾ
- ਤਲਾਕ ਅਤੇ ਵੱਖ ਹੋਣ ਦੀ ਕਾਰਵਾਈ
- ਬੱਚੇ ਅਤੇ ਸਪਾਊਜ਼ਲ ਸਹਾਇਤਾ
- ਜਾਇਦਾਦ ਦੀ ਵੰਡ
- ਗੋਦ ਲੈਣ ਦੀ ਐਪਲੀਕੇਸ਼ਨ
- ਬੱਚੇ ਨਾਲ ਰਹਿਣ ਦੇ ਅਧਿਕਾਰ ਦੀ ਐਪਲੀਕੇਸ਼ਨ

**ਇਮੀਗ੍ਰੇਸ਼ਨ ਲਾਅ**
- ਸਟੂਡੈਂਟਸ, ਵਰਕਰਜ਼ ਅਤੇ ਵਿਜ਼ਟਰ ਕੇਸ
- ਇਮੀਗ੍ਰੇਸ਼ਨ ਨਾਲ ਸਬੰਧਿਤ ਸਾਰੇ ਮਾਮਲੇ
- ਸਪਾਂਸਰਸ਼ਿਪ ਕੇਸ

**ਬੀ.ਸੀ. ਅਤੇ ਐਲਬਰਟਾ ਵਿਚ ਰਿਅਨਲ ਐਸਟੇਟ**
- ਬੀ.ਸੀ. ਅਤੇ ਐਲਬਰਟਾ ਖੇਤਰ ਵਿਚ ਰਿਹਾਇਸ਼ੀ ਜਾਇਦਾਦ ਦੀ ਵਿਕਰੀ/ਖ੍ਰੀਦਦਾਰੀ
- ਬਿਜ਼ਨਸ ਦੀ ਵਿਕਰੀ / ਖ੍ਰੀਦਦਾਰੀ
- ਜ਼ਮੀਨ ਦੀ ਵਰਤੋਂ, ਰੀਅਲ ਐਸਟੇਟ, ਪ੍ਰਾਪਰਟੀ ਟੈਕਸ ਅਸੈਸਮੈਂਟ
- ਲੀਨ (Lien) ਦੇ ਕਲੇਮ
- ਕਾਂਟਰੈਕਟੀਅਲ ਕਲੇਮ
- ਰੀਅਲ ਐਸਟੇਟ ਲਿਟੀਗੇਸ਼ਨ

**ਇੰਪਲਾਇਮੈਂਟ ਲਾਅ**
- ਇੰਪਲਾਇਮੈਂਟ ਇਕਰਾਰਨਾਮਿਆਂ ਦਾ ਰੀਵਿਊ
- ਇੰਪਲਾਇਮੈਂਟ ਇਕਰਾਰਨਾਮਾ ਤਿਆਰ ਕਰਨਾ
- ਗੈਰ-ਕਾਨੂੰਨੀ ਬਰਖਾਸਤੀ
- ਇੰਪਲਾਇਮੈਂਟ ਇਕਰਾਰਨਾਮੇ ਦੀ ਉਲੰਘਣਾ
- ਕੰਮ ਦੇ ਸਥਾਨ 'ਤੇ ਲੱਗੀ ਸੱਟ
- ਕੰਮ ਦੇ ਸਥਾਨ 'ਤੇ ਸੋਸ਼ਣ ਅਤੇ ਪ੍ਰੇਸ਼ਾਨੀ
- ਕੰਮ ਦੇ ਸਥਾਨ 'ਤੇ ਸਮਾਗਮਾਂ ਦੇ ਕਲੇਮ

**ਕਾਰਪੋਰੇਟ ਅਤੇ ਬਿਜ਼ਨਸ ਲਾਅ**
- ਸ਼ੇਅਰ ਹੋਲਡਰ ਸਮਝੌਤੇ
- ਲੀਜ਼ ਐਗਰੀਮੈਂਟ
- ਕਿਰਾਏਦਾਰਾਂ ਦਾ ਐਗਰੀਮੈਂਟ
- ਕੰਪਨੀ ਬਣਾਉਣਾ ਅਤੇ ਖਤਮ ਕਰਨਾਂ
- ਪਾਰਟਨਰਸ਼ਿਪ ਅਤੇ ਸਾਂਝੇ ਯਤਨ
- ਬਿਜ਼ਨਸ ਵਿਵਾਦ/ਸ਼ੇਅਰ ਹੋਲਡਰ ਵਿਵਾਦ

**ਨੋਟਰੀ ਸੇਵਾਵਾਂ**
- ਨੋਟਰਾਈਜੇਸ਼ਨਜ਼
- ਵਸੀਅਤ, ਜਾਇਦਾਦ ਅਤੇ ਟਰੱਸਟ
- ਹਲਫਨਾਮੇ ਅਤੇ ਘੋਸ਼ਣਾਵਾਂ
- ਵਿਜ਼ਟਰ ਵੀਜ਼ੇ, ਸੁਪਰ ਵੀਜ਼ੇ ਦੀ ਘੋਸ਼ਣਾਵਾਂ
- ਸਪਾਂਸਰਸ਼ਿਪ ਘੋਸ਼ਣਾਵਾਂ
- ਮੁਖਤਿਆਰਨਾਮਾ

**ਸਾਡੀ ਚੋਣ ਕਰਨ ਦੇ ਫਾਇਦੇ**
- ਘੱਟ ਕੀਮਤ 'ਤੇ ਵਧੀਆ ਕੁਆਲਿਟੀ ਦੀ ਲੀਗਲ ਸਰਵਿਸ
- ਇਮਾਨਦਾਰ ਸਲਾਹ ਅਤੇ ਤੁਹਾਡੀ ਜ਼ਰੂਰਤ ਦੇ ਅਨੁਸਾਰ ਹੱਲ
- ਗਾਹਕ ਦੀ ਪੂਰੀ ਤਸੱਲੀ ਅਤੇ ਦਿਮਾਗੀ ਸ਼ਾਂਤੀ
- ਵਧੀਆ ਨਤੀਜੇ

ਚਰਨਜੀਤ ਕੌਰ ਰੈਨਾ

ਵਕੀਲ ਅਤੇ ਨੋਟਰੀ ਪਬਲਿਕ

778 835 8455

#201-13049 76th Avenue, Surrey BC V3W2V7

www.rainalaw.com Email : craina@rainalaw.com

# ‘ਪਿਤਾ ਜੀ ਫਿਰ ਕਦੇ ਨਹੀਂ ਮੁੜੇ, ਅਸੀਂ ਵੀ ਬਦਲੇ ਦੀ ਰਾਹ ‘ਤੇ ਤੁਰ ਸਕਦੇ ਸੀ ਪਰ...’

ਅੰਮ੍ਰਿਤਸਰ (ਸਰਬਜੀਤ ਸਿੰਘ ਧਾਲੀਵਾਲ): “ਕਰੀਬ ਤਿੰਨ ਦਹਾਕਿਆਂ ਦੀ ਕਾਨੂੰਨੀ ਲੜਾਈ ਤੋਂ ਬਾਅਦ ਪਿਤਾ ਦੇ ਕਾਤਲਾਂ ਨੂੰ ਤਿੰਨ ਅਤੇ ਪੰਜ ਸਾਲ ਦੀ ਸਜ਼ਾ ਹੋਈ ਹੈ ਇਹ ਇਨਸਾਫ਼ ਨਹੀਂ ਹੈ, ਇਸ ਨਾਲ ਤਾਂ ਸਾਡੇ ਪੁਰਾਣੇ ਜ਼ਖਮ ਫਿਰ ਤੋਂ ਹਰੇ ਹੋ ਗਏ ਹਨ।“ਇਹ ਸ਼ਬਦ ਹਨ ਤਰਨਤਾਰਨ ਦੇ ਪਿੰਡ ਕੋਟਲਾ ਸਰੂਖਾ ਨਾਲ ਸਬੰਧਿਤ ਸੰਦੀਪ ਸਿੰਘ ਦੇ।ਸੰਦੀਪ ਸਿੰਘ ਦੇ ਪਿਤਾ ਕੁਲਦੀਪ ਸਿੰਘ ਨੂੰ 1992 ਵਿੱਚ ਪੰਜਾਬ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ, ਇਸ ਤੋਂ ਬਾਅਦ ਉਹ ਮੁੜ ਕੇ ਕਦੇ ਵੀ ਘਰ ਨਹੀਂ ਪਰਤੇ।

ਮੁਹਾਲੀ ਦੀ ਸੀਬੀਆਈ ਅਦਾਲਤ ਨੇ ਹੁਣ ਕੁਲਦੀਪ ਸਿੰਘ ਨੂੰ ਲਾਪਤਾ ਕਰਨ ਅਤੇ ਫਿਰ ਝੂਠਾ ਪੁਲਿਸ ਮੁਕਾਬਲਾ ਬਣਾਉਣ ਦੇ ਇਲਜ਼ਾਮਾਂ ਵਿੱਚ ਤਿੰਨ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ।ਅਦਾਲਤ ਨੇ ਐੱਸਐੱਚਓ ਸੂਬਾ ਸਿੰਘ ਨੂੰ ਤਿੰਨ ਸਾਲ ਦੀ ਸਜ਼ਾ ਅਤੇ ਇੱਕ ਹਜ਼ਾਰ ਰੁਪਏ ਜੁਰਮਾਨਾ ਅਤੇ ਏਐੱਸਆਈ ਝਿਲਮਿਲ ਸਿੰਘ ਨੂੰ ਪੰਜ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।ਇਸ ਮਾਮਲੇ ਵਿੱਚ ਇਕ ਹੋਰ ਦੋਸ਼ੀ ਐੱਸਐੱਚਓ ਗੁਰਦੇਵ ਸਿੰਘ ਦੀ ਮੌਤ ਕੇਸ ਦੀ ਸੁਣਾਵਾਈ ਦੌਰਾਨ ਹੀ ਹੋ ਗਈ ਸੀ।

ਜ਼ਿੰਮੀਦਾਰ ਪਰਿਵਾਰ ਨਾਲ ਸਬੰਧਿਤ ਕੁਲਦੀਪ ਸਿੰਘ ਸਹਿਕਾਰੀ ਬੈਂਕ ਵਿੱਚ ਉਸ ਵੇਲੇ ਕਲਰਕ ਵਜੋਂ ਨੌਕਰੀ ਕਰਦੇ ਸਨ।ਕੁਲਦੀਪ ਸਿੰਘ ਦੇ ਕੇਸ ਦੀ ਪੈਰਵੀ ਕਰਨ ਵਾਲੇ ਵਕੀਲ ਜਗਜੀਤ ਸਿੰਘ ਨੇ ਦੱਸਿਆ ਕਿ ਪੂਰੀ ਘਟਨਾ 1992 ਦੀ ਹੈ।ਜਗਜੀਤ ਸਿੰਘ ਮੁਤਾਬਕ, ‘’ਕੁਲਦੀਪ ਸਿੰਘ ਆਪਣੇ ਇੱਕ ਦੋਸਤ ਨਾਲ ਆਪਣੀ ਬਦਲੀ ਕਰਵਾਉਣ ਦੇ ਕੰਮ ਵਜੋਂ ਤਰਨਤਾਰਨ ਤੋਂ ਅੰਮ੍ਰਿਤਸਰ ਗਏ ਸਨ ਪਰ ਲਾਰੈਂਸ ਰੋਡ ਉੱਤੇ ਸਬੰਧਿਤ ਪੁਲਿਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ।‘’’’ਇਸ ਤੋਂ ਬਾਅਦ ਦੋਵਾਂ ਦਾ ਕੋਈ ਅਤਾ ਪਤਾ ਨਹੀਂ ਲੱਗਾ। ਪਰਿਵਾਰ ਵਾਲਿਆਂ ਨੇ ਤਮਾਮ ਕੋਸ਼ਿਸ਼ ਕੀਤੀਆਂ ਪਰ ਕੁਲਦੀਪ ਸਿੰਘ ਦੀ ਕੋਈ ਖ਼ਬਰ ਨਹੀਂ ਮਿਲੀ। ਇਸ ਦੌਰਾਨ ਪੁਲਿਸ ਨੇ ਕੁਲਦੀਪ ਸਿੰਘ ਦੇ ਦੋਸਤ ਨੂੰ ਤਾਂ ਰਿਹਾਅ ਕਰ ਦਿੱਤਾ ਪਰ ਕੁਲਦੀਪ ਸਿੰਘ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਸੀ।‘’

ਕਾਫ਼ੀ ਖੱਜਲ ਖ਼ੁਆਰ ਹੋਣ ਤੋਂ ਬਾਅਦ ਪਰਿਵਾਰ ਵਾਲਿਆਂ ਦੀ ਸ਼ਿਕਾਇਤ ਉੱਤੇ ਆਖ਼ਰਕਾਰ 1999 ਵਿੱਚ ਪੰਜਾਬ ਪੁਲਿਸ ਵੱਲੋਂ ਕੁਲਦੀਪ ਸਿੰਘ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕੀਤੀ ਗਈ ਸੀ।

2001 ਵਿੱਚ ਇਹ ਕੇਸ ਸੀਬੀਆਈ ਕੋਲ ਚਲਾ ਗਿਆ ਸੀ। ਕਰੀਬ 31 ਸਾਲ ਦੀ ਕਾਨੂੰਨੀ ਲੜਾਈ ਤੋਂ ਬਾਅਦ ਆਖ਼ਰਕਾਰ ਸਬੰਧਿਤ ਪੁਲਿਸ ਅਧਿਕਾਰੀਆਂ ਨੂੰ ਕੁਲਦੀਪ ਸਿੰਘ ਨੂੰ ਲਾਪਤਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਦਾ ਐਲਾਨ ਕੀਤਾ ਗਿਆ ਹੈ।

ਕੁਲਦੀਪ ਸਿੰਘ ਦੇ ਪੁੱਤਰ ਸੰਦੀਪ ਸਿੰਘ ਨੇ ਦੱਸਿਆ ਕਿ ਜਿਸ ਸਮੇਂ ਪਿਤਾ ਜੀ ਨੂੰ ਪੁਲਿਸ ਨੇ ਚੁੱਕਿਆ ਉਸ ਸਮੇਂ ਮੇਰੀ ਉਮਰ ਮਹਿਜ਼ 8 ਸਾਲ ਦੀ ਸੀ।



ਭਰੇ ਮਨ ਨਾਲ ਗੱਲਬਾਤ ਕਰਦਿਆਂ ਸੰਦੀਪ ਸਿੰਘ ਨੇ ਦੱਸਿਆ, “ਪਿਤਾ ਜੀ ਦੇ ਜਾਣ ਤੋਂ ਬਾਅਦ ਪਰਿਵਾਰ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਸਾਨੂੰ ਅਜੇ ਤੱਕ ਪਿਤਾ ਦੀ ਮੌਤ ਦਾ ਸਰਟੀਫਿਕੇਟ ਨਹੀਂ ਮਿਲਿਆ।“ਸੰਦੀਪ ਸਿੰਘ ਇਸ ਸਮੇਂ ਪਿਤਾ ਦੀ ਥਾਂ ਬੈਂਕ ਵਿੱਚ ਨੌਕਰੀ ਕਰ ਰਿਹਾ ਹੈ।ਉਨ੍ਹਾਂ ਨੇ ਦੱਸਿਆ ਕਿ ਪਿਤਾ ਦੀ ਮੌਤ ਦਾ ਸਰਟੀਫਿਕੇਟ ਨਾ ਹੋਣ ਕਾਰਨ ਉਨ੍ਹਾਂ ਨੇ ਲੰਮੀ ਕਾਨੂੰਨੀ ਲੜਾਈ ਲੜੀ ਫਿਰ ਜਾ ਕੇ ਤਰਸ ਦੇ ਆਧਾਰ ਉੱਤੇ ਉਨ੍ਹਾਂ ਨੂੰ ਨੌਕਰੀ ਮਿਲੀ ਸੀ।

ਸੰਦੀਪ ਸਿੰਘ ਨੇ ਦੱਸਿਆ, “ਇਸ ਦੌਰਾਨ ਸਬੰਧਿਤ ਪੁਲਿਸ ਅਧਿਕਾਰੀਆਂ ਵੱਲੋਂ ਪਰਿਵਾਰ ਨੂੰ ਕੇਸ ਵਾਪਸ ਲੈਣ ਦੇ ਲਈ ਧਮਕੀਆਂ ਅਤੇ ਪੈਸੇ ਦਾ ਲਾਲਚ ਦਿੱਤਾ ਗਿਆ। ਮੈਂ ਖ਼ੁਸ਼ ਹਾਂ ਕਿ ਪਿਤਾ ਨੂੰ ਜੋ ਅਤਿਵਾਦੀ ਦੱਸਿਆ ਜਾ ਰਿਹਾ ਸੀ ਉਹ ਦਾਗ਼ ਖ਼ਤਮ ਹੋ ਗਿਆ।“

ਪਰਿਵਾਰ ਬਾਰੇ ਜਾਣਕਾਰੀ ਦਿੰਦਿਆਂ ਸੰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਜੀ ਭਾਰਤੀ ਫ਼ੌਜ ਵਿੱਚ ਸੂਬੇਦਾਰ ਸਨ ਅਤੇ ਪਿਤਾ ਜੀ ਪੜ੍ਹਾਈ ਕਰਨ ਤੋਂ ਬਾਅਦ ਬੈਂਕ ਵਿੱਚ ਨੌਕਰੀ ਕਰਨ ਲੱਗੇ।

ਉਨ੍ਹਾਂ ਦੱਸਿਆ ਕਿ ਖਾੜਕੂਵਾਦ ਨਾਲ ਉਨ੍ਹਾਂ ਦੇ ਪਰਿਵਾਰ ਦਾ ਦੂਰ-ਦੂਰ ਤੱਕ ਕੋਈ ਵਾਸਤਾ ਨਹੀਂ ਸੀ ਫਿਰ ਵੀ ਪੁਲਿਸ ਅਧਿਕਾਰੀਆਂ ਨੇ ਝੂਠੇ ਪੁਲਿਸ ਮੁਕਾਬਲੇ ਵਿੱਚ ਪਿਤਾ ਨੂੰ ਮਾਰ ਦਿੱਤਾ ਸੀ।ਉਨ੍ਹਾਂ ਦੱਸਿਆ, ‘’ਪੰਜਾਬ ਪੁਲਿਸ ਦੀ ਇਸ ਹਰਕਤ ਕਾਰਨ ਪਰਿਵਾਰ ਨੂੰ ਮਾਨਸਿਕ ਪੀੜਾ ਅਤੇ ਆਰਥਿਕ ਤੰਗੀਆਂ ਵਿੱਚੋਂ ਨਿਕਲਾ ਪਿਆ।‘’ਸੰਦੀਪ ਸਿੰਘ ਮੁਤਾਬਕ ਉਹ ਅਦਾਲਤ ਦੇ ਫ਼ੈਸਲੇ ਤੋਂ ਨਾਖ਼ੁਸ਼ ਹਨ ਕਿਉਂਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਦੋਸ਼ ਦੇ ਮੁਤਾਬਕ ਸਜ਼ਾ ਨਹੀਂ ਮਿਲੀ ਇਸ ਕਰਕੇ ਉਹ ਉੱਪਰਲੀ ਅਦਾਲਤ ਦਾ ਹੁਣ ਰੁਖ਼ ਕਰਨਗੇ।ਕੁਲਦੀਪ ਸਿੰਘ ਦੇ ਛੋਟੇ ਬੇਟੇ ਤਰਨਦੀਪ ਸਿੰਘ ਦਾ ਜਨਮ ਪਿਤਾ ਦੀ ਮੌਤ ਤੋਂ ਬਾਅਦ ਹੋਇਆ ਹੈ।

ਬੀਬੀਸੀ ਨਾਲ ਗੱਲਬਾਤ ਕਰਦਿਆਂ ਤਰਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਦੁਖ ਹੈ ਕਿ ਉਨ੍ਹਾਂ ਨੂੰ ਪਿਤਾ ਦਾ ਪਿਆਰ ਨਹੀਂ ਮਿਲਿਆ ਅਤੇ ਇਹ ਘਾਟਾ ਉਨ੍ਹਾਂ ਨੂੰ ਪੂਰੀ ਉਮਰ ਰਹੇਗਾ।

ਤਰਨਦੀਪ ਸਿੰਘ ਨੇ ਦੱਸਿਆ, “ਅਦਾਲਤ ਵਿੱਚ ਉਸ ਦੇ ਪਿਤਾ ਦਾ ਕਾਤਲ ਹੱਸ-ਹੱਸ ਗੱਲਾਂ ਕਰ ਰਹੇ ਸਨ ਉਨ੍ਹਾਂ ਨੂੰ ਆਪਣੇ ਕੀਤੇ ਦਾ ਕੋਈ ਅਫ਼ਸੋਸ ਨਹੀਂ ਸੀ। ਅਸੀਂ ਪਿਤਾ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਦੇ ਲਈ ਕਾਨੂੰਨੀ ਲੜਾਈ ਲੜੀ ਪਰ ਦੋਸ਼ੀਆਂ ਨੂੰ ਬਹੁਤ ਘੱਟ ਸਜ਼ਾ ਮਿਲੀ ਜਿਸ ਦਾ ਅਫ਼ਸੋਸ ਹੈ।

ਸੰਦੀਪ ਸਿੰਘ ਕਹਿੰਦੇ ਹਨ ਕਿ ਮਾਂ ਨੂੰ ਹਜੇ ਇਸ ਫੈਸਲੇ ਬਾਰੇ ਨਹੀਂ ਪਤਾ ਹੈ, ਉਨ੍ਹਾਂ ਨੂੰ ਨਹੀਂ ਪਤਾ ਕਿ ਦੋਸ਼ੀਆਂ ਨੂੰ ਇੰਨੀਆਂ ਘੱਟ ਸਜ਼ਾਵਾਂ ਹੋਈਆਂ ਹਨ, ਉਨ੍ਹਾਂ ਦਾ ਇਹ ਸੁਣ ਕੇ ਦਿਲ ਟੁੱਟ ਜਾਏਗਾ।

ਨਾਰਾਜ਼ਗੀ ਅਤੇ ਮਾਯੂਸੀ ਭੇਰ ਸ਼ਬਦਾਂ ਵਿੱਚ ਸੰਦੀਪ ਸਿੰਘ ਕਹਿੰਦੇ ਹਨ, ‘’ਅਸੀਂ ਵੀ ਪਿਓ ਦਾ ਬਦਲਾ ਲੈਣ ਦੀ ਰਾਹ ਉੱਤੇ ਨਿਕਲ ਸਕਦੇ ਸੀ ਪਰ ਅਸੀਂ ਅਦਾਲਤ ਉੱਤੇ ਭਰੋਸਾ ਰੱਖਿਆ, ਅਸੀਂ ਇਸ ਸਜ਼ਾ ਤੋਂ ਖ਼ੁਸ਼ ਨਹੀਂ ਹਾਂ।

# ਕਿਸਾਨਾਂ ਨੇ ਫਿਰ ਲਈ ਅੰਗੜਾਈ

ਦਿੱਲੀ:ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਤੇ ਰਾਮ ਲੀਲ੍ਹਾ ਮੈਦਾਨ ਵਿੱਚ ਹਜ਼ਾਰਾਂ ਕਿਸਾਨ ਇਕੱਠੇ ਹੋਏ। ਪੰਜਾਬ- ਹਰਿਆਣਾ ਤੋਂ ਇਲਾਵਾ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਕਿਸਾਨਾਂ ਨੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ, ਜਿਸ ਵਿੱਚ ਔਰਤਾਂ ਦੀ ਸ਼ਮੂਲੀਅਤ ਵੀ ਗਿਣਨਯੋਗ ਸੀ।ਇਸ ਮੌਕੇ ਸੰਬੋਧਨ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਦੇ ਪ੍ਰਧਾਨ ਸਾਥੀ ਵੈਂਕਈਆ, ਜੋਗਿੰਦਰ ਸਿੰਘ ਉਗਰਾਹਾਂ, ਰਾਕੇਸ਼ ਟਿਕੈਤ, ਹਨਨ ਮੁੱਲਾ, ਨਿਰਭੈ ਸਿੰਘ ਢੁੱਡੀਕੇ, ਆਸ਼ੀਸ਼ ਮਿੱਤਲ, ਡਾਕਟਰ ਦਰਸ਼ਨਪਾਲ, ਸਤਿਆਪਾਲ, ਸਰੀਨ ਕੈਂਥ, ਤਜਿੰਦਰ ਸਿੰਘ ਵਿਰਕ, ਸਤਨਾਮ ਸਿੰਘ ਅਜਨਾਲਾ, ਬੂਟਾ ਸਿੰਘ ਬੁਰਜਗਿੱਲ, ਮਨਜੀਤ ਸਿੰਘ ਧਨੇਰ, ਹਰਮੀਤ ਸਿੰਘ ਕਾਦੀਆਂ, ਹਰਿੰਦਰ ਸਿੰਘ ਲੱਖੋਵਾਲ, ਸਤਨਾਮ ਸਿੰਘ ਬਹਿਰੂ, ਮਨਜੀਤ ਰਾਏ ਨੇ ਕਿਹਾ ਕਿ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਨੂੰ ਭਾਜਪਾ ਸਰਕਾਰ ਧੁੰਦਲਾ ਕਰਨਾ ਚਾਹੁੰਦੀ ਹੈ।

ਇਸ ਅੰਦੋਲਨ ਨੇ ਦੁਨੀਆ ਦੇ ਲੋਕਾਂ ਨੂੰ ਰਾਹ ਦਿਖਾਇਆ ਹੈ ਕਿ ਜੇਕਰ ਸਭ ਧਰਮਾਂ, ਖਿੱਤਿਆਂ ਦੇ ਲੋਕ ਇੱਕਜੁੱਟ ਹੋ ਜਾਣ ਤਾਂ ਉਹ ਕਾਰਪੋਰੇਟ ਜਗਤ ਨੂੰ ਵੀ ਮੂਧਾ ਕਰ ਸਕਦੇ ਹਨ।ਕਾਰਪੋਰੇਟ ਜਗਤ ਨੇ ਖੇਤੀ ਅਤੇ ਫਸਲਾਂ ਹੜੱਪਣ ਲਈ ਕਾਲੇ ਕਾਨੂੰਨ ਲਿਆਂਦੇ ਸਨ, ਜਿਸ ਦੇ ਵਿਰੁੱਧ ਉਹ ਲੋਕ ਇੱਕਮੁੱਠ ਹੋ ਗਏ, ਜਿਹਨਾਂ ਨੂੰ ਭਾਜਪਾ ਸਰਕਾਰ ਹਿੰਦੂ, ਸਿੱਖ, ਮੁਸਲਮਾਨ ਦੇ ਨਾਂਅ ਉੱਤੇ ਫਿਰਕੂ ਵੰਡ ਪਾ ਕੇ ਰੱਖਦੀ ਹੈ।

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application



Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs
ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੇਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਲੰਡਨ ‘ਚ ਤਿਰੰਗਾ ਉਤਾਰੇ ਜਾਣ ‘ਤੇ ਭੜਕੇ ਮਨਜਿੰਦਰ ਸਿਰਸਾ



ਦਿੱਲੀ:‘ਵਾਰਿਸ ਪੰਜਾਬ ਦੇ’ ਚੀਫ ਤੇ ਖਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ‘ਤੇ ਕਾਰਵਾਈ ਤੋਂ ਬਾਅਦ ਬਰਤਾਨੀਆ ‘ਚ ਖਲਬਲੀ ਮਚ ਗਈ ਹੈ।ਖਾਲਿਸਤਾਨ ਸਮਰਥਕਾਂ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਅਹਾਤੇ ਵਿੱਚ ਹੰਗਾਮਾ ਕੀਤਾ।ਇਸ ਦੌਰਾਨ ਤਿਰੰਗਾ ਉਤਾਰ ਕੇ ਸੁੱਟ ਦਿੱਤਾ ਗਿਆ।ਬੀਜੇਪੀ ਲੀਡਰ ਮਨਜਿੰਦਰ ਸਿਰਸਾ ਨੇ ਇਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਮਨਜਿੰਦਰ ਸਿਰਸਾ ਨੇ ਟਵੀਟ ਕਰਕੇ ਕਿਹਾ ਹੈ ਕਿ ਘਿਣਾਉਣਾ! ਇਹ ਕਾਇਰਤਾ ਭਰੀ ਕਾਰਵਾਈ ਹੈ। ਤਿਰੰਗਾ ਸਾਡਾ ਮਾਣ ਹੈ। ਬਹੁਤ ਸਾਰੇ ਸਿੱਖ ਸਿਪਾਹੀ ਇਸ ਦੀ ਰਾਖੀ ਕਰਦੇ ਹਨ।ਇਹ ਕਾਇਰਾਨਾ ਹਰਕਤਾਂ ਕਰਨ ਵਾਲੇ ਸਿੱਖਾਂ ਦੇ ਦੁਸ਼ਮਣ ਹਨ।ਉਧਰ, ਭਾਰਤ ਨੇ ਇਸ ਘਟਨਾ ‘ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਤੇ ਦਿੱਲੀ ਸਥਿਤ ਬ੍ਰਿਟਿਸ਼ ਹਾਈ ਕਮਿਸ਼ਨ ਦੇ ਉਪ ਮੁਖੀ ਨੂੰ ਤਲਬ ਕੀਤਾ ਹੈ।

ਹਾਈ ਕਮਿਸ਼ਨਰ ਐਲੇਕਸ ਐਲਿਸ ਫਿਲਹਾਲ ਦਿੱਲੀ ਤੋਂ ਬਾਹਰ ਹਨ।ਇੱਕ ਸਖ਼ਤ ਬਿਆਨ ਵਿੱਚ, ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਨੇ ਯੂਕੇ ਵਿੱਚ ਭਾਰਤੀ ਡਿਪਲੋਮੈਟਿਕ ਕੰਪਲੈਕਸਾਂ ਤੇ ਕਰਮਚਾਰੀਆਂ ਦੀ ਸੁਰੱਖਿਆ ਪ੍ਰਤੀ ਯੂਕੇ ਸਰਕਾਰ ਦੀ ਉਦਾਸੀਨਤਾ ਦੇਖੀ ਹੈ, ਜੋ ਅਸਵੀਕਾਰਨਯੋਗ ਹੈ।ਭਾਰਤ ਵਿੱਚ ਬ੍ਰਿਟਿਸ਼ ਰਾਜਦੂਤ ਐਲੇਕਸ ਐਲਿਸ ਨੇ ਹਾਈ ਕਮਿਸ਼ਨ ਦੇ ਬਾਹਰ ਖਾਲਿਸਤਾਨ ਸਮਰਥਕਾਂ ਵੱਲੋਂ ਕੀਤੇ ਗਏ ਹੰਗਾਮੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਟਵੀਟ ਕੀਤਾ ਕਿ ਇਹ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਬਰਤਾਨੀਆ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਲੋਕਾਂ ਅਤੇ ਅਹਾਤੇ ਵਿੱਚ ਹੋਏ ਸ਼ਰਮਨਾਕ ਕਾਰੇ ਦੀ ਨਿੰਦਾ ਕਰਦਾ ਹਾਂ।

# ਲੰਡਨ ’ਚ ਭਾਰਤੀ ਹਾਈ ਕਮਿਸ਼ਨ ਤੋਂ ਉਤਾਰਿਆ ਤਿਰੰਗਾ



ਨਵੀਂ ਦਿੱਲੀ:ਵਿਦੇਸ਼ ਮੰਤਰਾਲੇ (ਐਮਈਏ) ਨੇ ਰਾਤ ਭਾਰਤ ਵਿੱਚ ਬ੍ਰਿਟੇਨ ਦ ਸਭ ਤੋਂ ਉਚ ਡਿਪਲੋਮੈਟ ਨੂੰ ਤਲਬ ਕੀਤਾ ਅਤੇ ਕੁਝ ਖਾਲਿਸਤਾਨੀ ਸਮਰਥਕਾਂ ਵੱਲੋਂ ਭਾਰਤੀ ਹਾਈ ਕਮਿਸ਼ਨ ਭਵਨ ਤੋਂ ਕਥਿਤ ਤੌਰ ਉਤੇ ਤਿਰੰਗਾ ਹੇਠਾਂ ਉਤਾਰੇ ਜਾਣ ਦਾ ਵਿਰੋਧ ਜਿਤਾਇਆ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਮੰਤਰਾਲੇ ਦੇ ਇਕ ਬਿਆਨ ਨਾਲ ਟਵੀਟ ਕੀਤਾ।‘ਭਾਰਤ ਨੇ ਯੂਕੇ ਨਾਲ ਸਖਤ ਵਿਰੋਧ ਦਰਜ ਕਰਵਾਇਆ ਹੈ।ਅੰਮ੍ਰਿਤਪਾਲ ਸਿੰਘ ਦੇ ਖਿਲਾਫ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਲੈ ਕੇ ਕੁਝ ਖਾਲਿਤਸਾਂਲੀ ਸਮੂਹਾਂ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਉਤੇ ਪ੍ਰਦਰਸ਼ਨ ਕੀਤਾ।

# ਭਾਰਤ ਨੇ ਪਾਕਿ ਨਾਲ ਕਦੇ ਵਪਾਰ ਬੰਦ ਨਹੀਂ ਕੀਤਾ:ਭਾਰਤੀ ਰਾਜਦੂਤ

ਇਸਲਾਮਾਬਾਦ:ਭਾਰਤ ਦੇ ਸੀਨੀਅਰ ਰਾਜਦੂਤ ਸੁਰੇਸ਼ ਕੁਮਾਰ ਨੇ ਕਿਹਾ ਕਿ ਭਾਰਤ ਨੇ ਪਾਕਿਸਤਾਨ ਨਾਲ ਕਦੇ ਵੀ ਵਪਾਰ ਬੰਦ ਨਹੀਂ ਕੀਤਾ। ਉਹ ਤਾਂ ਹਮੇਸ਼ਾਂ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਇਛੁੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਕੂਟਨੀਤੀ ਸੈਰ-ਸਪਾਟੇ, ਵਪਾਰ ਅਤੇ ਤਕਨਾਲੋਜੀ ’ਤੇ ਕੇਂਦਰਿਤ ਹੈ ਤਾਂ ਜੋ ਕਮਾਈ ਦਾ ਸਾਧਨ ਬਣ ਸਕੇ।‘ਡਾਅਨ’ ਅਖਬਾਰ ਦੀ ਖਬਰ ਮੁਤਾਬਿਕ ਪਾਕਿਸਤਾਨ ਵਿੱਚ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਸੁਰੇਸ਼ ਕੁਮਾਰ ਨੇ ਇਹ ਟਿੱਪਣੀਆਂ ਦਿ ਲਾਹੌਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਸਮਾਗਮ ਵਿੱਚ ਸੰਬੋਧਨ ਕਰਦਿਆਂ ਕੀਤੀਆਂ। ਉਨ੍ਹਾਂ ਕਿਹਾ,‘ਭਾਰਤ ਹਮੇਸ਼ਾ ਪਾਕਿਸਤਾਨ ਨਾਲ ਬਿਹਤਰ ਸਬੰਧ ਕਾਇਮ ਕਰਨਾ ਚਾਹੁੰਦਾ ਹੈ।ਅਸੀਂ ਪਾਕਿ ਨਾਲ ਕਦੇ ਵੀ ਵਪਾਰ ਨਹੀਂ ਰੋਕਿਆ ਬਲਕਿ ਪਾਕਿ ਨੇ ਅਜਿਹਾ ਕੀਤਾ ਸੀ।

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads

Need Company Drivers

*Single Driver Pay 52cents/mile*
*Team Drivers 32 cents/mile*



FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਇਸਲਾਮਿਕ ਸਹਿਯੋਗ ਸੰਗਠਨ ਨੇ ਭਾਰਤ ਵਾਲੇ ਜੰਮੂ-ਕਸ਼ਮੀਰ ਦੀ ਸਥਿਤੀ ‘ਤੇ ਚਿੰਤਾ ਪ੍ਰਗਟ ਕੀਤੀ



ਨੌਆਕਚੌਟ (ਮੌਰੀਤਾਨੀਆ):ਇਸਲਾਮਿਕ ਸਹਿਯੋਗ ਸੰਗਠਨ (ਓਆਈਸੀ) ਨੇ ਭਾਰਤ ਵਾਲੇ ਜੰਮੂ-ਕਸ਼ਮੀਰ ਦੀ ਸਥਿਤੀ ‘ਤੇ ਚਿੰਤਾ ਪ੍ਰਗਟ ਕੀਤੀ ਹੈ।ਜੰਮੂ ਅਤੇ ਕਸ਼ਮੀਰ ‘ਤੇ ਓਆਈਸੀ ਸੰਪਰਕ ਸਮੂਹ ਨੇ ਨੌਆਕਚੌਟ, ਮੌਰੀਤਾਨੀਆ ਵਿੱਚ ਇੱਕ ਮੀਟਿੰਗ ਵਿੱਚ 5 ਅਗਸਤ 2019 ਦੀਆਂ ਭਾਰਤ ਦੀਆਂ ਇੱਕਤਰਫਾ ਅਤੇ ਗੈਰ-ਕਾਨੂੰਨੀ ਕਾਰਵਾਈਆਂ ਨੂੰ ਆਪਣੀ ਦ੍ਰਿੜਤਾ ਨਾਲ ਰੱਦ ਕਰਨ ਲਈ ਸੰਯੁਕਤ ਸੰਚਾਰ ਨੂੰ ਅਪਣਾਇਆ ਹੈ।ਓ.ਆਈ.ਸੀ. ਦੇ ਸਕੱਤਰ ਜਨਰਲ ਅਤੇ ਮੈਂਬਰ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਅੰਤਰਰਾਸ਼ਟਰੀ ਮੰਚਾਂ ‘ਤੇ ਕਸ਼ਮੀਰ ਦੇ ਜਾਇਜ਼ ਕਾਰਨ ਲਈ ਆਪਣੀ ਆਵਾਜ਼ ਬੁਲੰਦ ਕਰਨ ਅਤੇ ਕਸ਼ਮੀਰੀ ਲੋਕਾਂ ‘ਤੇ ਕੀਤੇ ਜਾ ਰਹੇ ਜ਼ੁਲਮਾਂ ਲਈ ਭਾਰਤ ਨੂੰ ਜਵਾਬਦੇਹ ਠਹਿਰਾਉਣ।ਸੰਪਰਕ ਸਮੂਹ ਨੇ ਭਾਰਤ ਨੂੰ ਆਈਆਈਓਜੇਕੇ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਤੁਰੰਤ ਬੰਦ ਕਰਨ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵਾਂ ਅਤੇ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਦੀਆਂ ਇੱਛਾਵਾਂ ਦੇ ਅਨੁਸਾਰ ਜੰਮੂ ਅਤੇ ਕਸ਼ਮੀਰ ਵਿਵਾਦ ਦੇ ਹੱਲ ਲਈ ਕਦਮ ਚੁੱਕਣ ਲਈ ਵੀ ਕਿਹਾ।ਮੀਟਿੰਗ ਦੀ ਪ੍ਰਧਾਨਗੀ ਓਆਈਸੀ ਦੇ ਸਕੱਤਰ ਜਨਰਲ, ਹਿਸੀਨ ਬ੍ਰਾਹਮ ਤਾਹਾ ਨੇ ਕੀਤੀ ਅਤੇ ਇਸ ਵਿੱਚ ਸਾਊਦੀ ਅਰਬ, ਤੁਰਕੀ, ਨਾਈਜਰ, ਅਜ਼ਰਬਾਈਜਾਨ ਅਤੇ ਕਸ਼ਮੀਰੀ  ਪ੍ਰਤੀਨਿਧੀ ਅਤੇ ਓਆਈਸੀ ਦੇ ਸੁਤੰਤਰ ਸਥਾਈ ਮਨੁੱਖੀ ਅਧਿਕਾਰ ਕਮਿਸ਼ਨ ਨੇ ਭਾਗ ਲਿਆ।









# ਜੇਕਰ ਸਿੱਧੂ ਨੇ ਕੋਈ ਕਤਲ ਕਰਵਾਇਆ ਤਾਂ ਉਸ ਦੀ ਥਾਂ ਅਸੀਂ ਸਜ਼ਾ ਭੁਗਤਣ ਲਈ ਤਿਆਰ':ਮਾਤਾ ਚਰਨ ਕੌਰ



ਬਠਿੰਡਾ: ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਅੱਜ ਵੀ ਸਾਡਾ ਦੇਸ਼ ਗੁਲਾਮ ਹੈ। ਜੇਲ੍ਹ ਵਿੱਚੋਂ ਲਾਰੈਂਸ ਵਰਗਾ ਗੈਂਗਸਟਰ ਖੁੱਲ੍ਹੇਆਮ ਵੀਡੀਓ ਕਾਲ ਕਰਕੇ ਕਹਿ ਰਿਹਾ ਹੈ ਕਿ ਕਤਲ ਉਸ ਨੇ ਕਰਵਾਇਆ ਹੈ। ਸਰਕਾਰ ਇਸ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਕਰ ਰਹੀ ਹੈ। ਅੱਜ ਪੁਲੀਸ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਿੱਚ ਲੱਗੀ ਹੋਈ ਹੈ। ਅਸੀਂ ਅੰਮ੍ਰਿਤਪਾਲ ਦੀ ਹੈਸੀਅਤ ਨਹੀਂ ਜਾਣਦੇ ਜਾਂ ਇਹ ਉਸ ਦੀ ਪਹਿਲੀ ਜ਼ਿੰਦਗੀ ਹੈ ਜਾਂ ਨਹੀਂ ਪਰ ਹੁਣ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰ ਰਿਹਾ ਸੀ।ਸਰਕਾਰ ਉਸ ਨੂੰ ਕਿਸੇ ਹੋਰ ਦਿਨ ਵੀ ਗ੍ਰਿਫਤਾਰ ਕਰ ਸਕਦੀ ਸੀ। ਜੇਕਰ ਮਾਮਲਾ ਦਰਜ ਕਰਨਾ ਸੀ ਤਾਂ ਅਜਨਾਲਾ ਚ ਜਿਸ ਦਿਨ ਇਹ ਘਟਨਾ ਵਾਪਰੀ ਸੀ, ਉਸ ਦਿਨ ਕਿਉਂ ਨਹੀਂ ਕੀਤਾ ਗਿਆ? ਸਰਕਾਰ ਨੇ ਇਹ ਕਾਰਾ ਸਿੱਧੂ ਦੀ ਬਰਸੀ ਨੂੰ ਵਿਗਾੜਨ ਕਰਕੇ ਕੀਤਾ ਹੈ।ਗੈਂਗਸਟਰ ਲਾਰੈਂਸ ਜੇਲ੍ਹ ਤੋਂ ਲਗਾਤਾਰ ਵੀਡੀਓ ਕਾਲ 'ਤੇ ਇੰਟਰਵਿਊ ਦੇ ਰਿਹਾ ਹੈ। ਉਹ ਸਿੱਧੂ ਬਾਰੇ ਕਹਿ ਰਿਹਾ ਹੈ ਕਿ ਉਸ ਨੇ ਕਤਲ ਕਰਵਾਏ ਹਨ। ਚਰਨ ਕੌਰ ਨੇ ਕਿਹਾ ਕਿ ਜੇਕਰ ਉਸ ਦੇ ਲੜਕੇ ਨੇ ਕਿਸੇ ਦਾ ਕਤਲ ਕਰਵਾਇਆ ਹੈ ਤਾਂ ਜੇਕਰ ਕੋਈ ਸਾਬਤ ਕਰ ਦਿੰਦਾ ਹੈ ਤਾਂ ਉਹ ਅਤੇ ਉਸ ਦਾ ਪਤੀ ਬਲਕੌਰ ਸਿੰਘ ਪੁੱਤਰ ਤੋਂ ਬਾਅਦ ਸਜ਼ਾ ਭੁਗਤਣ ਲਈ ਤਿਆਰ ਹਨ। ਸਿੱਧੂ ਆਪਣੀ ਜ਼ਿੰਦਗੀ ਸਵੈ-ਮਾਣ ਨਾਲ ਬਤੀਤ ਕਰਕੇ ਚਲਾ ਗਿਆ।

# ਭਾਰਤ ਦੇ ਕੁਝ ਸੇਵਾਮੁਕਤ ਜੱਜ 'ਭਾਰਤ ਵਿਰੋਧੀ ਗੈਂਗ' ਦਾ ਹਿੱਸਾ ਹਨ:ਕਾਨੂੰਨ ਮੰਤਰੀ ਰਿਜਿਜੂ

ਨਵੀਂ ਦਿੱਲੀ: ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ 'ਤਿੰਨ ਜਾਂ ਚਾਰ' ਸੇਵਾਮੁਕਤ ਜੱਜ 'ਭਾਰਤ ਵਿਰੋਧੀ' ਗਰੋਹ ਦਾ ਹਿੱਸਾ ਹਨ। ਨਾਲ ਹੀ ਕਿਹਾ ਕਿ ਜਿਸ ਨੇ ਵੀ ਦੇਸ਼ ਦੇ ਖਿਲਾਫ ਕੰਮ ਕੀਤਾ ਹੈ, ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ।ਉਸ ਨੇ ਕਿਹਾ, 'ਕੁਝ ਲੋਕ ਅਦਾਲਤ ਵਿਚ ਵੀ ਜਾਂਦੇ ਹਨ' ਅਤੇ ਕਹਿੰਦੇ ਹਨ, 'ਕਿਰਪਾ ਕਰਕੇ ਸਰਕਾਰ ਨੂੰ ਲਗਾਮ ਦਿਓ, ਸਰਕਾਰ ਦੀਆਂ ਨੀਤੀਆਂ ਬਦਲੋ।'ਉਨ੍ਹਾਂ ਨੇ ਰਾਹੁਲ ਗਾਂਧੀ 'ਤੇ ਆਪਣੀ ਸਰਕਾਰ ਦੇ ਲਗਾਤਾਰ ਹਮਲੇ ਬਾਰੇ ਵੀ ਗੱਲ ਕੀਤੀ।

ਕਾਨੂੰਨ ਮੰਤਰੀ ਨੇ ਦਾਅਵਾ ਕੀਤਾ ਕਿ ਗਾਂਧੀ ਨੇ "ਉਹੀ ਭਾਸ਼ਾ" ਵਰਤੀ ਹੈ ਜੋ ਕੁਝ "ਭਾਰਤ ਵਿਰੋਧੀ ਗੈਂਗਾਂ" ਦੁਆਰਾ ਵਰਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਭਾਸ਼ਾ ਉਨ੍ਹਾਂ ਦਾਅਵਿਆਂ ਦੀ ਦੁਹਰਾਈ ਹੈ ਕਿ ਭਾਰਤ ਵਿੱਚ 'ਲੋਕਤੰਤਰ ਖਤਰੇ ਵਿੱਚ ਹੈ' ਅਤੇ 'ਭਾਰਤ ਵਿੱਚ ਮਨੁੱਖੀ ਅਧਿਕਾਰ ਮੌਜੂਦ ਨਹੀਂ ਹਨ'।

ਰਿਜਿਜੂ ਨੇ ਸਹਿਮਤੀ ਦਿੱਤੀ ਜਦੋਂ ਸਮਾਗਮ ਦੇ ਸੰਚਾਲਕ ਗੌਰਵ ਸਾਵੰਤ ਨੇ ਪੁੱਛਿਆ ਕਿ ਕੀ ਉਹ ਇੱਕ ਸੀਨੀਅਰ ਸੰਸਦ ਮੈਂਬਰ 'ਤੇ 'ਟੁਕੜੇ-ਟੁਕੜੇ ਗੈਂਗ' ਦਾ ਹਿੱਸਾ ਹੋਣ ਦਾ ਦੋਸ਼ ਲਗਾ ਰਹੇ ਹਨ? ਉਨ੍ਹਾਂ ਕਿਹਾ ਕਿ ਸਰਕਾਰ ਕੋਲ ਬਾਹਰੋਂ ਅਤੇ ਅੰਦਰੋਂ ਭਾਰਤ 'ਤੇ ਅਜਿਹੇ ਯੋਜਨਾਬੱਧ ਹਮਲੇ ਕਰਨ ਲਈ ਵਿਦੇਸ਼ੀ ਫੰਡਿੰਗ ਦੀ ਅੰਦਰੂਨੀ ਜਾਣਕਾਰੀ ਹੈ।ਜਦੋਂ ਸਾਵੰਤ ਨੇ ਪੁੱਛਿਆ ਕਿ ਸਰਕਾਰ ਨੇ 'ਟੁਕੜੇ-ਟੁਕੜੇ ਗੈਂਗ' ਦੇ ਖਿਲਾਫ ਕੀ ਕਦਮ ਚੁੱਕੇ ਹਨ ਤਾਂ ਰਿਜਿਜੂ ਨੇ ਕਿਹਾ, "ਕਾਰਵਾਈ ਹੋਵੇਗੀ, ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

"ਏਜੰਸੀਆਂ ਕਾਨੂੰਨ ਦੇ ਉਪਬੰਧਾਂ ਅਨੁਸਾਰ ਕਾਰਵਾਈ ਕਰਨਗੀਆਂ। ਕੋਈ ਨਹੀਂ ਬਚੇਗਾ। ਚਿੰਤਾ ਨਾ ਕਰੋ, ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ, ਜਿਨ੍ਹਾਂ ਨੇ ਦੇਸ਼ ਦੇ ਖਿਲਾਫ ਕੰਮ ਕੀਤਾ ਹੈ, ਉਨ੍ਹਾਂ ਨੂੰ ਇਸਦਾ ਖਮਿਆਜ਼ਾ ਭੁਗਤਣਾ ਪਵੇਗਾ।

# ਆਸਟ੍ਰੇਲੀਆ 'ਚ ਗਰਮੀ ਕਾਰਨ ਲੱਖਾਂ ਮੱਛੀਆਂ ਦੀ ਮੌਤ

ਕੈਨਬਰਾ:ਦੱਖਣ-ਪੂਰਬੀ ਆਸਟਰੇਲੀਆ ਤੋਂ ਲੱਖਾਂ ਮੱਛੀਆਂ ਦੀ ਮੌਤ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ।

ਇਨ੍ਹਾਂ ਮੱਛੀਆਂ ਦੀਆਂ ਲਾਸ਼ਾਂ ਪਾਣੀ 'ਤੇ ਰੁੜ੍ਹਦੀਆਂ ਵੇਖੀਆਂ ਜਾ ਸਕਦੀਆਂ ਹਨ।ਅਧਿਕਾਰੀਆਂ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਅਜਿਹਾ ਹੜ੍ਹ ਅਤੇ ਗਰਮ ਮੌਸਮ ਕਾਰਨ ਹੋਇਆ।ਨਿਊ ਸਾਊਥ ਵੇਲਜ਼ ਰਾਜ ਦੇ ਪ੍ਰਾਇਮਰੀ ਉਦਯੋਗ ਵਿਭਾਗ ਨੇ ਕਿਹਾ ਕਿ ਮੱਛੀਆਂ ਦੀ ਮੌਤ ਗਰਮੀ ਦੀ ਲਹਿਰ ਨਾਲ ਹੋਈ।ਵਿਭਾਗ ਨੇ ਕਿਹਾ ਕਿ ਮੌਤਾਂ ਸੰਭਾਵਤ ਤੌਰ 'ਤੇ ਆਕਸੀਜਨ ਦੇ ਘੱਟ ਪੱਧਰ ਕਾਰਨ ਹੋਈਆਂ।




# ਅਮਰੀਕਾ ਵਿਚ ਬਾਸਕਟਬਾਲ ਮੈਚ ਵੇਖਣ ਗਏ ਇਕ ਅੰਮ੍ਰਿਤਧਾਰੀ ਸਿੱਖ ਨੇ ਲਾਇਆ ਭੇਦਭਾਵ ਦਾ ਦੋਸ਼




ਸੈਕਰਾਮੈਂਟੋ(ਹੁਸਨ ਲੜੋਆ ਬੰਗਾ):ਇੱਕ ਅੰਮ੍ਰਿਤਧਾਰੀ ਸਿੱਖ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਭੇਦਭਾਵ ਕੀਤਾ ਗਿਆ ਹੈ ਤੇ ਕ੍ਰਿਪਾਨ ਪਹਿਣੀ ਹੋਣ ਕਾਰਨ ਬਾਸਕਟਬਾਲ ਮੈਚ ਵੇਖਣ ਲਈ ਉਸ ਨੂੰ ਸਟੇਡੀਅਮ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਮਨਦੀਪ ਸਿੰਘ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਇਥੇ ਇਕ ਬਾਸਕਟਬਾਲ ਮੈਚ ਜਿਸ ਵਿਚ ਐਮ ਬੀ ਏ ਟੀਮ ਸੈਕਰਾਮੈਂਟੋ ਕਿੰਗਜ਼ ਵੀ ਹਿੱਸਾ ਲੈ ਰਹੀ ਸੀ,ਵੇਖਣ ਗਿਆ ਸੀ ਪਰੰਤੂ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ।ਉਸ ਨੇ ਟਵੀਟ ਵਿਚ ਕਿਹਾ ਕਿ ਹਾਲਾਂ ਕਿ ਉਸ ਨੂੰ ਇਕ ਈ ਮੇਲ ਰਾਹੀਂ ਸੈਕਰਾਮੈਂਟੋ ਕਿੰਗਜ਼ ਨੇ ਮੈਚ ਵੇਖਣ ਦਾ ਸੱਦਾ ਦਿੱਤਾ ਸੀ ਪਰੰਤੂ ਫਿਰ ਵੀ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ। ਮਨਦੀਪ ਨੇ ਕਿਹਾ ਕਿ ਉਸ ਨੇ ਉਥੇ ਮੌਜੂਦ ਅਧਿਕਾਰੀਆਂ ਨੂੰ ਆਪਣੇ ਅਮ੍ਰਿਤਧਾਰੀ ਹੋਣ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਦਾ ਕੋਈ ਅਸਰ ਨਹੀਂ ਹੋਇਆ ਤੇ ਉਸ ਨੂੰ ਬਿਨਾਂ ਮੈਚ ਵੇਖੇ ਵਾਪਿਸ ਆਉਣ ਲਈ ਮਜਬੂਰ ਹੋਣਾ ਪਿਆ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

So Easy
ਲਰਨਿੰਗ ਲਾਇਸੈਂਸ
ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਆਟੋਮੈਟਿਕ ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ










ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ
LUCKY'S A to Z DRIVING SCHOOL
Lucky 604-614-5365
Unit 15 - 8388 128 St., Surrey

# ਰਾਹੁਲ ਗਾਂਧੀ ਦਾ ਭਾਸ਼ਣ ਨਹੀਂ, ਸਰਕਾਰ ਦੀ ਕਾਰਗੁਜ਼ਾਰੀ ਬਦਨਾਮੀ ਦਾ ਕਾਰਨ ਹੈ?

ਜੇਕਰ ਮੋਦੀ ਸਰਕਾਰ ਝੂਠ ਫੈਲਾ ਕੇ ਸੱਚ ਨੂੰ ਛੁਪਾਉਣਾ ਚਾਹੁੰਦੀ ਹੈ ਤਾਂ ਕੀ ਇਹ ਦੇਸ਼ ਦਾ ਕੋਈ ਭਲਾ ਕਰ ਰਹੀ ਹੈ? ਜੇਕਰ ਸੱਚ ਬੋਲਣ 'ਤੇ 'ਦੇਸ਼ 'ਤੇ ਹਮਲਾ ਕਰਨ' ਵਰਗੇ ਇਲਜ਼ਾਮ ਲੱਗਦੇ ਹਨ ਤਾਂ ਕੀ ਇਸ ਨੂੰ ਦੇਸ਼ ਨੂੰ ਅਬਾਦ ਕਰਨ ਦਾ ਤਰੀਕਾ ਕਿਹਾ ਜਾਵੇਗਾ ਜਾਂ ਤਬਾਹ ਕਰਨ ਦਾ?

ਕੀ ਦੇਸ਼ ਦੀ ਬਦਨਾਮੀ ਉਦੋਂ ਨਹੀਂ ਹੁੰਦੀ ਹੈ ਜਦੋਂ ਸਰਕਾਰਾਂ ਬੇਕਾਰ ਕੰਮਾਂ ਕਾਰਨ ਦੇਸ਼ ਨੂੰ ਤਬਾਹੀ ਦੇ ਰਾਹ ਤੋਰ ਦਿੰਦੀਆਂ ਹਨ?ਜਾਂ ਜਦੋਂ ਦੇਸ਼ ਨੂੰ ਤਬਾਹੀ ਦੇ ਰਾਹ ਤੋਂ ਬਚਾਉਣ ਲਈ ਖਾਮੀਆਂ ਨੂੰ ਸੱਚ ਵਜੋਂ ਪੇਸ਼ ਕੀਤਾ ਜਾਂਦਾ ਹੈ।

ਜਦੋਂ ਰਾਹੁਲ ਗਾਂਧੀ ਨੇ ਨਰਿੰਦਰ ਮੋਦੀ ਤੋਂ ਬਿਲਕੁਲ ਉਲਟ ਅੰਦਾਜ਼ ਵਿਚ ਕੈਂਬਰਿਜ ਯੂਨੀਵਰਸਿਟੀ ਵਿਚ ਭਾਸ਼ਣ ਦਿੱਤਾ, ਭਾਵ ਝੂਠੇ ਹੰਕਾਰ ਤੋਂ ਬਿਨਾਂ, ਅਜੋਕੇ ਸਮੇਂ ਦੀਆਂ ਖਾਮੀਆਂ ਨੂੰ ਉਜਾਗਰ ਕਰਦੇ ਹੋਏ, ਨਰਿੰਦਰ ਮੋਦੀ ਦੇ ਦੌਰ ਵਿਚ ਦੇਸ਼ ਦੇ ਲੋਕਤੰਤਰ ਦੇ ਨਿਘਾਰ ਦੀ ਗੱਲ ਕੀਤੀ।

ਦੂਸਰੇ ਪਾਸੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਭਾਜਪਾ ਵੱਲੋਂ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਰਾਹੁਲ ਗਾਂਧੀ ਨੇ ਵਿਦੇਸ਼ਾਂ 'ਚ ਜਾ ਕੇ ਦੇਸ਼ ਨੂੰ ਬਦਨਾਮ ਕਰਨ ਦਾ ਕੰਮ ਕੀਤਾ ਹੈ। ਇਸੇ ਤਰ੍ਹਾਂ ਭਾਜਪਾ ਦੀ ਤਰਫੋਂ ਕਈ ਨੇਤਾਵਾਂ ਨੇ ਵੀ ਬਿਆਨ ਦਿੱਤੇ ਹਨ, ਜਿਨ੍ਹਾਂ ਮੁਤਾਬਕ ਰਾਹੁਲ ਗਾਂਧੀ ਦੇ ਭਾਸ਼ਣ ਨੇ ਇਕ ਵੱਸਦੇ ਭਾਰਤ ਨੂੰ ਬਰਬਾਦ ਭਾਰਤ ਦੱਸਿਆ ਹੈ।

ਕੀ ਮੋਦੀ ਸਰਕਾਰ ਦਾ ਕੰਮ ਹੈ ਜਾਂ ਰਾਹੁਲ ਗਾਂਧੀ ਦਾ ਕੈਂਬਰਿਜ ਵਿੱਚ ਭਾਸ਼ਣ ਭਾਰਤ ਦੀ ਬਦਨਾਮੀ ਦਾ ਅਸਲ ਕਾਰਨ ਹੈ?

ਸਾਲ 2022 ਵਿੱਚ ਪ੍ਰਕਾਸ਼ਿਤ ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਵਿੱਚ, ਭਾਰਤ ਸਾਲ 2021 ਵਿੱਚ 180 ਦੇਸ਼ਾਂ ਵਿੱਚੋਂ 150ਵੇਂ ਸਥਾਨ ਉੱਤੇ ਸੀ। ਜਦੋਂ ਕਿ ਸਾਲ 2016 ਵਿੱਚ ਭਾਰਤ ਦੀ ਰੈਂਕਿੰਗ 133ਵੀਂ ਸੀ। ਸਾਲ 2020 'ਚ ਭਾਰਤ 142ਵੇਂ ਸਥਾਨ 'ਤੇ ਸੀ। ਫਿਰ ਇਸ ਰਿਪੋਰਟ ਵਿੱਚ ਦੱਸਿਆ ਗਿਆ ਕਿ ਪੱਤਰਕਾਰੀ ਦੀ ਦੁਨੀਆਂ ਵਿੱਚ ਭਾਰਤ ਇੱਕ ਮਾੜੀ ਸ਼੍ਰੇਣੀ ਵਿੱਚ ਆਉਂਦਾ ਹੈ।

ਭਾਰਤ ਪੱਤਰਕਾਰਾਂ ਲਈ ਦੁਨੀਆ ਦੇ ਸਭ ਤੋਂ ਖਤਰਨਾਕ ਦੇਸ਼ਾਂ ਵਿੱਚੋਂ ਇੱਕ ਹੈ। ਸਾਲ 2022 ਵਿੱਚ ਪ੍ਰਕਾਸ਼ਿਤ ਗਲੋਬਲ ਪ੍ਰੈਸ ਫਰੀਡਮ ਰੈਂਕਿੰਗ ਨਾਲ ਸਬੰਧਤ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸਾਲ 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੱਤਰਕਾਰਾਂ ਵਿਰੁੱਧ ਹਿੰਸਾ ਦੇ ਮਾਮਲੇ ਵਧੇ ਹਨ। ਮੀਡੀਆ ਸੰਸਥਾਵਾਂ ਖੁੱਲ੍ਹੇਆਮ ਰਾਜਨੀਤਿਕ ਪੱਖਪਾਤ ਦੀ ਵਰਤੋਂ ਕਰਦੀਆਂ ਹਨ। ਸਰਕਾਰ ਆਪਣਾ ਬਿਰਤਾਂਤ ਸਿਰਜਣ ਲਈ ਮੀਡੀਆ ਅਦਾਰਿਆਂ 'ਤੇ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਖਰਚ ਕਰਦੀ ਹੈ। ਮੀਡੀਆ 'ਤੇ ਇਕ ਵਿਸ਼ੇਸ਼ ਵਰਗ ਦੀ ਮਲਕੀਅਤ ਵਧ ਰਹੀ ਹੈ।

ਇਹ ਭਾਰਤ ਵਿੱਚ ਮੀਡੀਆ ਸੰਕਟ ਦੀ ਸਥਿਤੀ ਨੂੰ ਦਰਸਾਉਂਦਾ ਹੈ। ਜਦੋਂ ਗਲੋਬਲ ਫਰੀਡਮ ਇੰਡੈਕਸ ਵਿੱਚ ਭਾਰਤ ਦੀ ਸਥਿਤੀ ਇਸ ਤਰ੍ਹਾਂ ਦੀ ਹੈ ਤਾਂ ਤੁਸੀਂ ਹੀ ਦੱਸੋ ਕਿ ਇਸ ਵਿਦੇਸ਼ੀ ਰਿਪੋਰਟ ਵਿੱਚ ਭਾਰਤ ਦੀ ਬਦਨਾਮੀ ਦਾ ਅਸਲ ਕਾਰਨ ਕੀ ਹੈ?

ਰਾਹੁਲ ਗਾਂਧੀ ਦੇ ਭਾਸ਼ਣ 'ਤੇ ਸਾਰੇ ਮੁੱਖ ਧਾਰਾ ਟੀਵੀ ਚੈਨਲਾਂ ਦੇ ਪ੍ਰੋਗਰਾਮਾਂ ਦੀਆਂ ਸੁਰਖੀਆਂ 'ਤੇ ਨਜ਼ਰ ਮਾਰੋ। 'ਰਾਹੁਲ ਨੇ ਮਹਾਨ ਭਾਰਤ ਨੂੰ ਕੀਤਾ ਬਦਨਾਮ' , 'ਦੁਨੀਆ ਕਹਿੰਦੀ ਭਾਰਤ ਖੁਸ਼ਹਾਲ, ਕਿਉਂ ਰਾਹੁਲ ਨੇ ਕਿਹਾ ਭਾਰਤ ਬਰਬਾਦ',' ਕਿਉਂ ਵਿਦੇਸ਼ਾਂ 'ਚ ਦੇਸ਼ ਦਾ ਅਪਮਾਨ?' ਕੀ ਇਸ ਤਰ੍ਹਾਂ ਦੀਆਂ ਖ਼ਬਰਾਂ ਦੀ ਸੁਰਖਆਂ ਭਾਰਤ ਦੀ ਅਸਲ ਕਹਾਣੀ ਦੱਸਦੀਆਂ ਹਨ ਜਾਂ ਤਬਾਹੀ ਦੀ ਕਹਾਣੀ?

ਭੁੱਖਮਰੀ 'ਤੇ ਪੇਸ਼ ਕੀਤੀ ਗਲੋਬਲ ਹੰਗਰ ਰਿਪੋਰਟ 'ਚ ਭਾਰਤ ਦੁਨੀਆ ਦੇ 121 ਦੇਸ਼ਾਂ 'ਚੋਂ 107ਵੇਂ ਸਥਾਨ 'ਤੇ ਹੈ। ਇਸ ਰਿਪੋਰਟ ਵਿੱਚ ਸ਼੍ਰੀਲੰਕਾ, ਮਿਆਂਮਾਰ, ਬੰਗਲਾਦੇਸ਼, ਨੇਪਾਲ ਵੀ ਭਾਰਤ ਤੋਂ ਅੱਗੇ ਹਨ। ਦੋ ਸਾਲਾਂ ਤੋਂ ਭਾਰਤ ਸਰਕਾਰ ਇਸ ਰਿਪੋਰਟ ਨੂੰ ਇਹ ਕਹਿ ਕੇ ਰੱਦ ਕਰ ਰਹੀ ਹੈ ਕਿ ਭੁੱਖਮਰੀ ਨੂੰ ਮਾਪਣ ਦਾ ਤਰੀਕਾ ਸਹੀ ਨਹੀਂ ਹੈ। ਭੁੱਖਮਰੀ ਦੀ ਰਿਪੋਰਟ 'ਚ ਇੰਨੇ ਪਿੱਛੇ ਰਹਿਣ ਦਾ ਮਤਲਬ ਹੈ ਕਿ ਢੁਕਵਾਂ ਭੋਜਨ ਮੁਹੱਈਆ ਕਰਵਾਉਣ, ਕੱਦ ਦੇ ਹਿਸਾਬ ਨਾਲ ਭਾਰ, ਉਮਰ ਦੇ ਹਿਸਾਬ ਨਾਲ ਕੱਦ ਅਤੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦੀ ਗਿਣਤੀ ਦੇ ਮਾਮਲੇ 'ਚ ਭਾਰਤ ਦੀ ਸਥਿਤੀ ਦੁਨੀਆ ਦੇ 106 ਦੇਸ਼ਾਂ ਤੋਂ ਵੀ ਮਾੜੀ ਹੈ।

ਨੋਟ ਕਰੋ ਕਿ ਇਹ ਸਥਿਤੀ ਉਦੋਂ ਹੈ ਜਦੋਂ ਭਾਰਤ ਸਰਕਾਰ ਭਾਰਤ ਦੇ 80 ਕਰੋੜ ਲੋਕਾਂ ਨੂੰ ਦੋ ਵਕਤ ਦਾ ਮੁਫਤ ਭੋਜਨ ਦਿੰਦੀ ਹੈ। ਇਸ ਸਕੀਮ ਤੋਂ ਬਾਅਦ ਵੀ ਭੁੱਖਮਰੀ ਦੇ ਮਾਮਲੇ ਵਿੱਚ ਭਾਰਤ ਦੀ ਵੱਡੀ ਦੁਰਦਸ਼ਾ ਦਰਸਾਉਂਦੀ ਹੈ ਕਿ ਸਰਕਾਰ ਭਾਰਤ ਦੀ ਵੱਡੀ ਆਬਾਦੀ ਨੂੰ ਰੋਜ਼ੀ-ਰੋਟੀ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਹੁਣ ਤੁਸੀਂ ਆਪ ਹੀ ਸੋਚੋ ਕਿ ਕੀ ਗਲੋਬਲ ਹੰਗਰ ਇੰਡੈਕਸ ਵਿਚ 107ਵੇਂ ਸਥਾਨ 'ਤੇ ਹੋਣਾ ਵਿਦੇਸ਼ੀ ਧਰਤੀ 'ਤੇ ਭਾਰਤ ਦੀ ਬਦਨਾਮੀ ਦਾ ਕਾਰਨ ਹੈ ਜਾਂ ਰਾਹੁਲ ਗਾਂਧੀ ਦਾ ਭਾਸ਼ਣ? ਭੁੱਖਮਰੀ ਦੀ ਅਜਿਹੀ ਹਾਲਤ 'ਤੇ ਕੀ ਦੁਨੀਆ ਭਾਰਤ ਨੂੰ ਖੁਸ਼ਹਾਲੀ ਵਾਲਾ ਦੇਸ਼ ਕਹੇਗੀ ਜਾਂ ਬਰਬਾਦ ਦੇਸ਼?




ਗਲੋਬਲ ਜੈਂਡਰ ਗੈਪ ਰਿਪੋਰਟ ਦੁਨੀਆ ਭਰ ਦੀਆਂ ਔਰਤਾਂ ਦੀ ਸਥਿਤੀ 'ਤੇ ਪੇਸ਼ ਕੀਤੀ ਗਈ ਹੈ। ਇਹ ਰਿਪੋਰਟ ਔਰਤਾਂ ਦੀ ਸਿਆਸੀ ਭਾਗੀਦਾਰੀ, ਆਰਥਿਕ ਸਥਿਤੀ, ਸਿੱਖਿਆ ਦੇ ਪੱਧਰ, ਸਿਹਤ ਅਤੇ ਸੰਘਰਸ਼ ਨੂੰ ਮਾਪ ਕੇ ਤਿਆਰ ਕੀਤੀ ਗਈ ਹੈ। ਇਸ ਰਿਪੋਰਟ 'ਚ ਭਾਰਤ ਦੁਨੀਆ ਦੇ 146 ਦੇਸ਼ਾਂ 'ਚੋਂ 135ਵੇਂ ਸਥਾਨ 'ਤੇ ਹੈ। ਕੀ ਭਾਰਤ ਵਿੱਚ ਔਰਤਾਂ ਦੇ ਇਨ੍ਹਾਂ ਹਾਲਾਤਾਂ ਕਾਰਨ ਦੁਨੀਆ ਵਿੱਚ ਹੋਈ ਬਦਨਾਮੀ ਲਈ ਰਾਹੁਲ ਗਾਂਧੀ ਦਾ ਭਾਸ਼ਣ ਜ਼ਿੰਮੇਵਾਰ ਹੋ ਸਕਦਾ ਹੈ?

ਗਲੋਬਲ ਬਹੁ-ਪੱਧਰੀ ਗਰੀਬੀ ਸੂਚਕ ਅੰਕ ਸਿਹਤ, ਸਿੱਖਿਆ ਅਤੇ ਜੀਵਨ ਪੱਧਰ ਵਰਗੇ ਲਗਭਗ 10 ਬੁਨਿਆਦੀ ਮਾਪਦੰਡਾਂ ਦੇ ਆਧਾਰ 'ਤੇ ਲਿਆ ਗਿਆ ਹੈ। ਭਾਰਤ ਦੇ ਲਗਭਗ 22 ਕਰੋੜ ਲੋਕ ਬਹੁ-ਪੱਧਰੀ ਗਰੀਬੀ ਹੇਠ ਆਉਂਦੇ ਹਨ। ਇਹ ਸੰਖਿਆ ਵਿਸ਼ਵ ਵਿੱਚ ਸਭ ਤੋਂ ਵੱਧ ਹੈ। ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਹ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ। ਹੁਣ ਤੁਸੀਂ ਦੱਸੋ, ਜੇਕਰ ਬਦਨਾਮੀ ਦਾ ਕਾਰਨ ਗਰੀਬੀ ਸੀ, ਤਾਂ ਕੀ ਰਾਹੁਲ ਗਾਂਧੀ ਦੇ ਭਾਸ਼ਣ ਜਾਂ ਅਨੁਰਾਗ ਠਾਕੁਰ ਦੀ ਪਾਰਟੀ ਦੇ ਕੰਮ ਨੂੰ ਦੋਸ਼ੀ ਠਹਿਰਾਉਣਾ ਚਾਹੀਦਾ ਸੀ?

ਫਿਰਕੂ ਤਣਾਅ ਦੇ ਸੰਦਰਭ ਵਿੱਚ, ਪਿਊ ਰਿਸਰਚ ਦੇ ਅਨੁਸਾਰ, ਇੰਡੀਆ ਸੋਸ਼ਲ ਹੋਸਪਿਟੈਲਿਟੀ ਇੰਡੈਕਸ ਵਿੱਚ ਵੱਧ ਤੋਂ ਵੱਧ ਸੰਭਾਵਿਤ ਸਕੋਰ 10 ਵਿੱਚੋਂ 9.4 ਹੈ। ਭਾਰਤ ਫਿਰਕੂ ਦੁਸ਼ਮਣੀ ਦੇ ਮਾਮਲੇ ਵਿੱਚ ਬੰਗਲਾਦੇਸ਼, ਮਿਸਰ, ਪਾਕਿਸਤਾਨ, ਨਾਈਜੀਰੀਆ ਦੇ ਨਾਲ ਬਹੁਤ ਉੱਚ ਸ਼੍ਰੇਣੀ ਵਾਲੇ ਦੇਸ਼ ਵਿੱਚ ਸ਼ਾਮਲ ਹੈ। ਜਿਸ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ, ਉਨ੍ਹਾਂ 'ਚ ਸਵਾਲ ਪੁੱਛੇ ਜਾਂਦੇ ਹਨ ਕਿ ਕੀ ਧਰਮ ਦੇ ਆਧਾਰ 'ਤੇ ਵਿਤਕਰਾ ਹੁੰਦਾ ਹੈ? ਕੀ ਧਾਰਮਿਕ ਆਧਾਰ 'ਤੇ ਕੱਟੜਤਾ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ? ਕੀ ਤੁਹਾਨੂੰ ਧਾਰਮਿਕ ਆਧਾਰ 'ਤੇ ਡਰਾਇਆ, ਧਮਕਾਇਆ ਗਿਆ ਹੈ? ਕੀ ਭੀੜ ਧਾਰਮਿਕ ਲੀਹਾਂ 'ਤੇ ਹਿੰਸਕ ਕਾਰਵਾਈਆਂ ਕਰਨ ਲਈ ਲਾਮਬੰਦ ਹੋ ਰਹੀ ਹੈ?

**-ਅਜੈ ਕੁਮਾਰ ਦਾ ਵਾਇਰ ਚੋਂ ਧੰਨਵਾਦ ਸਹਿਤ**

# ਅਮਰੀਕੀ ਰਿਪੋਰਟ ਵਿਚ ਭਾਰਤ ਵਿਚ ਮਨੁੱਖੀ ਅਧਿਕਾਰਾਂ' ਦੀ ਉਲੰਘਣਾ 'ਚ ਵਾਧੇ ਦਾ ਜ਼ਿਕਰ




ਵਾਸ਼ਿੰਗਟਨ(ਕਨਿਸ਼ਕਾ ਸਿੰਘ)- ਲੰਘੇ ਸੋਮਵਾਰ ਨੂੰ ਜਾਰੀ ਮਨੁੱਖੀ ਅਧਿਕਾਰ ਅਭਿਆਸਾਂ ਬਾਰੇ ਸਾਲਾਨਾ ਅਮਰੀਕੀ ਰਿਪੋਰਟ ਵਿੱਚ ਭਾਰਤ ਵਿੱਚ "ਮਹੱਤਵਪੂਰਨ ਮਨੁੱਖੀ ਅਧਿਕਾਰ ਮੁੱਦਿਆਂ" ਅਤੇ ਦੁਰਵਿਵਹਾਰ ਨੂੰ ਸੂਚੀਬੱਧ ਕੀਤਾ ਗਿਆ ਹੈ, ਜਿਸ ਵਿੱਚ ਧਾਰਮਿਕ ਘੱਟ ਗਿਣਤੀਆਂ, ਅਸੰਤੁਸ਼ਟਾਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੀ ਰਿਪੋਰਟ ਕੀਤੀ ਗਈ ਹੈ।ਇਹ ਖੋਜ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਦੇ ਲਗਭਗ ਇੱਕ ਸਾਲ ਬਾਅਦ ਸਾਹਮਣੇ ਆਈ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਇਸ ਗੱਲ ਦੀ ਨਿਗਰਾਨੀ ਕਰ ਰਿਹਾ ਹੈ ਕਿ ਭਾਰਤ ਵਿੱਚ ਕੁਝ ਸਰਕਾਰੀ, ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਦੁਆਰਾ ਮਨੁੱਖੀ ਅਧਿਕਾਰਾਂ ਦੇ ਘਾਣ ਵਿੱਚ ਭਾਰੀ ਵਾਧਾ ਹੋਇਆ ਹੈ। ਯੂਐਸ ਰਿਪੋਰਟ ਵਿੱਚ ਕਿਹਾ ਗਿਆ ਕਿ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੇ ਮਹੱਤਵਪੂਰਨ ਮੁੱਦਿਆਂ ਵਿੱਚ ਸਰਕਾਰ ਜਾਂ ਇਸਦੇ ਏਜੰਟਾਂ ਦੁਆਰਾ ਗੈਰ-ਨਿਆਇਕ ਹੱਤਿਆਵਾਂ ਕਰਨ ਦੀਆਂ ਭਰੋਸੇਯੋਗ ਰਿਪੋਰਟਾਂ ਸ਼ਾਮਲ ਹਨ। ਪੁਲਿਸ ਅਤੇ ਜੇਲ੍ਹ ਅਧਿਕਾਰੀਆਂ ਦੁਆਰਾ ਤਸ਼ੱਦਦ ਜਾਂ ਬੇਰਹਿਮ, ਅਣਮਨੁੱਖੀ ਜਾਂ ਅਪਮਾਨਜਨਕ ਸਲੂਕ ਜਾਂ ਸਜ਼ਾ; ਸਿਆਸੀ ਕੈਦੀ ਜਾਂ ਨਜ਼ਰਬੰਦ; ਅਤੇ ਪੱਤਰਕਾਰਾਂ ਦੀਆਂ ਗੈਰ-ਵਾਜਬ ਗ੍ਰਿਫਤਾਰੀਆਂ ਜਾਂ ਮੁਕੱਦਮੇ ਚਲਾਏ ਗਏ ਹਨ।ਐਡਵੋਕੇਸੀ ਗਰੁੱਪਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਿੰਦੂ ਰਾਸ਼ਟਰਵਾਦੀ ਭਾਰਤੀ ਜਨਤਾ ਪਾਰਟੀ ਦੇ ਅਧੀਨ ਹਾਲ ਹੀ ਦੇ ਸਾਲਾਂ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਵਿਗੜ ਰਹੀ ਸਥਿਤੀ ਨੂੰ ਦੇਖਦਿਆਂ ਚਿੰਤਾਵਾਂ ਜ਼ਾਹਰ ਕੀਤੀਆਂ ਹਨ।ਹਿਊਮਨ ਰਾਈਟਸ ਵਾਚ ਨੇ ਕਿਹਾ ਹੈ ਕਿ ਭਾਰਤ ਸਰਕਾਰ ਦੀਆਂ ਨੀਤੀਆਂ ਅਤੇ ਕਾਰਵਾਈਆਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜਦਕਿ ਮੋਦੀ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਉਸਦੀ ਹਿੰਦੂ ਰਾਸ਼ਟਰਵਾਦੀ ਸੱਤਾਧਾਰੀ ਪਾਰਟੀ ਨੇ 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਹਿੰਦੂਤਵੀਆਂ ਨੂੰ ਉਤਸ਼ਾਹਿਤ ਕੀਤਾ ਹੈ।ਆਲੋਚਕ 2019 ਨਾਗਰਿਕਤਾ ਕਾਨੂੰਨ ਵੱਲ ਇਸ਼ਾਰਾ ਕਰਦੇ ਹਨ ਜਿਸ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫਤਰ ਨੇ "ਬੁਨਿਆਦੀ ਤੌਰ 'ਤੇ ਵਿਤਕਰੇ ਵਾਲਾ" ਦੱਸਿਆ ਹੈ।ਇਸ ਵਿੱਚ 2019 ਵਿੱਚ ਮੁਸਲਿਮ ਬਹੁਗਿਣਤੀ ਵਾਲੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਰੱਦ ਕਰਨਾ ਵੀ ਸ਼ਾਮਲ ਹੈ।ਸਰਕਾਰ ਦੋਸ਼ਾਂ ਨੂੰ ਇਹ ਕਹਿ ਕੇ ਖਾਰਜ ਕਰਦੀ ਹੈ ਕਿ ਉਸ ਦੀਆਂ ਨੀਤੀਆਂ ਦਾ ਉਦੇਸ਼ ਸਾਰੇ ਭਾਈਚਾਰਿਆਂ ਦਾ ਵਿਕਾਸ ਕਰਨਾ ਹੈ।2022 ਵਿੱਚ, ਅਧਿਕਾਰੀਆਂ ਨੇ ਭਾਰਤ ਦੇ ਕੁਝ ਹਿੱਸਿਆਂ ਵਿੱਚ ਗੈਰ-ਕਾਨੂੰਨੀ ਦੁਕਾਨਾਂ ਅਤੇ ਜਾਇਦਾਦਾਂ ਨੂੰ ਵੀ ਢਾਹ ਦਿੱਤਾ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੁਸਲਮਾਨਾਂ ਦੀ ਮਲਕੀਅਤ ਸਨ। ਆਲੋਚਕਾਂ ਦਾ ਕਹਿਣਾ ਹੈ ਕਿ ਢਾਹੁਣ ਦੀ ਮੁਹਿੰਮ ਭਾਰਤ ਦੇ 20 ਕਰੋੜ ਮੁਸਲਮਾਨਾਂ ਨੂੰ ਡਰਾਉਣ ਦੀ ਕੋਸ਼ਿਸ਼ ਸੀ। ਸਰਕਾਰ ਨੇ ਢਾਹੇ ਜਾਣ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਕਾਨੂੰਨ ਨੂੰ ਲਾਗੂ ਕਰ ਰਹੇ ਹਨ।ਇੰਟਰਨੈਟ ਐਡਵੋਕੇਸੀ ਵਾਚਡੌਗ ਐਕਸੈਸ ਨਾਓ ਦਾ ਕਹਿਣਾ ਹੈ ਕਿ ਭਾਰਤ ਲਗਾਤਾਰ ਪੰਜ ਸਾਲਾਂ ਲਈ ਦੁਨੀਆ ਵਿੱਚ ਸਭ ਤੋਂ ਵੱਧ ਇੰਟਰਨੈਟ ਬੰਦ ਕਰਨ ਦੀ ਸੂਚੀ ਵਿੱਚ ਵੀ ਸਿਖਰ 'ਤੇ ਹੈ, ਜਿਸ ਵਿੱਚ 2022 ਵੀ ਸ਼ਾਮਲ ਹੈ।ਯੂਐਸ ਰਿਪੋਰਟ ਵਿੱਚ ਕਿਹਾ ਗਿਆ ਹੈ, "ਸਿਵਲ ਸੋਸਾਇਟੀ ਸੰਗਠਨਾਂ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਕੇਂਦਰ ਸਰਕਾਰ ਨੇ ਕਈ ਵਾਰ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਨੂੰ ਨਜ਼ਰਬੰਦ ਕਰਨ ਲਈ ਯੂਏਪੀਏ (ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਦੀ ਵਰਤੋਂ ਕੀਤੀ ਹੈ।"

## ਭਾਰਤ ਨੂੰ ਖ਼ੁਫ਼ੀਆ ਜਾਣਕਾਰੀ ਦੇਣ ਬਾਰੇ ਖ਼ਬਰ ਦੀ ਪੁਸ਼ਟੀ ਨਹੀਂ ਕਰ ਸਕਦੇ:ਅਮਰੀਕਾ

ਵਾਸ਼ਿੰਗਟਨ:-ਵ੍ਹਾਈਟ ਹਾਊਸ ਨੇ ਉਸ ਰਿਪੋਰਟ ਦੀ ਪੁਸ਼ਟੀ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਮਰੀਕਾ ਨੇ ਪਿਛਲੇ ਸਾਲ ਭਾਰਤੀ ਫੌਜ ਨੂੰ ਮਹੱਤਵਪੂਰਨ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ, ਜਿਸ ਨਾਲ ਉਸ ਨੂੰ ਚੀਨੀ ਘੁਸਪੈਠ ਨੂੰ ਸਫਲਤਾਪੂਰਵਕ ਨਜਿੱਠਣ ਵਿੱਚ ਮਦਦ ਮਿਲੀ। ਵ੍ਹਾਈਟ ਹਾਊਸ 'ਚ ਰਣਨੀਤਕ ਸੰਚਾਰ ਲਈ ਰਾਸ਼ਟਰੀ ਸੁਰੱਖਿਆ ਪਰਿਸ਼ਦ ਦੇ ਕੋਆਰਡੀਨੇਟਰ ਜੌਹਨ ਕਿਰਬੀ ਨੇ ਇਸ ਖ਼ਬਰ ਬਾਰੇ ਪੁੱਛੇ ਜਾਣ 'ਤੇ ਇੱਥੇ ਰੋਜ਼ਾਨਾ ਪੱਤਰਕਾਰ ਸੰਮੇਲਨ 'ਚ ਕਿਹਾ, ''ਨਹੀਂ, ਮੈਂ ਇਸ ਦੀ ਪੁਸ਼ਟੀ ਨਹੀਂ ਕਰ ਸਕਦਾ।''

## (ਮੁੱਖ ਪੰਨੇ ਦੀ ਬਾਕੀ)

ਏਜੰਸੀਆਂ ਪੰਜਾਬ ਦੇ ਹਾਲਾਤ ਵਿਚ ਅਸਥਿਰਤਾ ਵਾਲੀ ਸਥਿਤੀ ਬਣਾ ਕੇ ਰੱਖਣਾ ਚਾਹੁੰਦੀ ਹੈ ਤਾਂ ਕਿ ਜ਼ਬਰ-ਜੁਲਮ ਤੇ ਵਧੀਕੀ ਦੀਆਂ ਕਾਰਵਾਈਆਂ ਨੂੰ ਵਾਜਬ ਠਹਿਰਾਉਣ ਦਾ ਯਤਨ ਕੀਤਾ ਜਾ ਸਕੇ।

ਪੰਥਕ ਸ਼ਖ਼ਸੀਅਤਾਂ ਨੇ ਕਿਹਾ ਕਿ ਪੰਜਾਬ ਸਰਕਾਰ ਦਿੱਲੀ ਦਰਬਾਰ ਦੀ ਇਸ ਪੰਜਾਬ ਤੇ ਸਿੱਖ ਵਿਰੋਧੀ ਵਿਓਂਤਬੰਦੀ ਵਿੱਚ ਇੱਕ ਮੋਹਰੇ ਦੀ ਭੂਮਿਕਾ ਨਿਭਾਅ ਰਹੀ ਹੈ।ਉਹਨਾ ਕਿਹਾ ਕਿ ਜਦੋਂ ਦੁਨੀਆ ਦੇ ਵੀਹ ਵੱਡੇ ਦੇਸ਼ਾਂ ਦੇ ਨੁਮਾਇੰਦੇ ਪੰਜਾਬ ਵਿਚ ਆਏ ਹੋਏ ਹਨ ਤਾਂ ਉਸ ਮੌਕੇ ਅਜਿਹੀ ਕਾਰਵਾਈ ਕਰਨੀ ਦਰਸਾਉਂਦੀ ਹੈ ਕਿ ਦਿੱਲੀ ਦਰਬਾਰ ਸਿੱਖਾਂ ਤੇ ਪੰਜਾਬ ਨੂੰ ਕੌਮਾਂਤਰੀ ਪੱਧਰ ਉੱਤੇ ਬਦਨਾਮ ਕਰਨਾ ਚਾਹੁੰਦੀ ਹੈ।ਇਸ ਬਿਆਨ ਵਿਚ ਅੱਗੇ ਕਿਹਾ ਗਿਆ ਹੈ ਕਿ ਅਜਿਹੇ ਸਮੇਂ ਜਦੋਂ ਸਰਕਾਰ ਹਮਲਾਵਰ ਰੁਖ ਅਖਤਿਆਰ ਕਰ ਰਹੀ ਹੈ ਤਾਂ ਸਾਡੇ ਵਾਸਤੇ ਸਵੈਜਾਬਤਾ, ਇਕਾਗਰਤਾ ਤੇ ਆਪਸੀ ਇਤਫਾਕ ਬਣਾਈ ਰੱਖਣਾ ਲਾਜਮੀ ਹੈ। ਇਸ ਵਾਸਤੇ ਸਿੱਖਾਂ ਦੇ ਸਰਗਰਮ ਹਿੱਸਿਆਂ ਨੂੰ ਮੌਜੂਦਾ ਹਾਲਾਤ ਬਾਰੇ ਸਾਂਝੀ ਸਮਝ ਅਤੇ ਇਸ ਦੇ ਟਾਕਰੇ ਲਈ ਸਾਂਝੀ ਵਿਓਂਤ ਬੰਦੀ ਬਣਾਉਣ ਦੀ ਲੋੜ ਹੈ ਤਾਂ ਕਿ ਦਿੱਲੀ ਦਰਬਾਰ ਤੇ ਇਸ ਦੀ ਹੱਥਠੋਕਾ ਪੰਜਾਬ ਸਰਕਾਰ ਉੱਤੇ ਨੌਜਵਾਨਾਂ ਦੀਆਂ ਗ੍ਰਿਫਤਾਰੀਆਂ ਦਾ ਸਿਲਸਿਲਾ ਬੰਦ ਕਰਨ ਅਤੇ ਗ੍ਰਿਫਤਾਰ ਨੌਜਵਾਨਾਂ ਨਾਲ ਹੋਣ ਵਾਲੀ ਸੰਭਾਵੀ ਵਧੀਕੀ ਨੂੰ ਰੋਕਿਆ ਜਾ ਸਕੇ ਤੇ ਉਹਨਾ ਦੀਆਂ ਰਿਹਾਈਆਂ ਦਾ ਅਮਲ ਸ਼ੁਰੂ ਕਰਵਾਇਆ ਜਾ ਸਕੇ।

ਪੰਥਕ ਸ਼ਖ਼ਸੀਅਤਾਂ ਨੇ ਕਿਹਾ ਕਿ ਖਾਲਸਾ ਪੰਥ ਨੇ ਸਦਾ ਗੁਰੂ ਦੇ ਆਸਰੇ ਨਾਲ ਹੀ ਔਕੜਾਂ ਦਾ ਸਾਹਮਣਾ ਕਰਦਿਆਂ ਚਣੌਤੀਆਂ ਸਰ ਕੀਤੀਆਂ ਹਨ। ਮੌਜੂਦਾ ਸੰਕਟਾਂ ਵਿੱਚੋਂ ਨਿੱਕਲਣ ਦਾ ਰਾਹ ਵੀ ਆਪਣੀ ਜੜ੍ਹਾਂ ਨਾਲ ਜੁੜਨ ਅਤੇ ਆਪਣੇ ਜੀਵਨ ਅਮਲ ਵਿਚ ਗੁਰਮਤਿ ਨੂੰ ਧਾਰਨ ਕਰਕੇ ਗੁਰੂ ਓਟ ਸਦਕਾ ਦ੍ਰਿੜਤਾ ਲਿਆਉਣ ਵਿਚ ਹੀ ਪਿਆ ਹੈ।


*MORTGAGES
FOR UPTO
50 MILLION
IS AVAILABLE FOR LARGE PROJECTS
Please Call:
SARBJIT DUBB, AMP
Mortgage Consultant
604-780-4497
Verico A.K. Mortgage Plus Inc.
AK Mortgage Professional Mortgage Consultants Plus
5 YEAR FIXED
4.84 %*
Foreclosure?, we can help.
QUICK & EASY
APPROVALS



A.K. Mortgage Plus
103-7337-137th St., Surrey
604.501.7700 • 604.780.4497
Email: Sarbjit@mtg-plus.com
www.DubbMortgages.ca
*Rates are subject to change. O.A.C. Some Conditions Apply. VERICO A.K. MORTGAGE PLUS INC

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE




ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ

ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

40% off

Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16**
**COMFORSER**
Reg: ~~$155.00~~
Now : $70.00



**235/65R17**
**COMFORSER**
Reg: ~~$220.00~~
Now : $95.00



**245/65R17**
**COMFORSER**
Reg: ~~$240.00~~
Now : $100.00




**215/70R15**
**GOOD YEAR INTEGRITY**
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

## ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਬੀਬੀ ਜਗੀਰ ਕੌਰ ਤੰਬੜ ਸਵਰਗਵਾਸ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਜਗੀਰ ਕੌਰ ਤੰਬੜ ਜਿਨ੍ਹਾਂ ਦਾ ਪਿਛਲਾ ਪਿੰਡ ਰਾਮਪੁਰ ਸੈਣੀਆਂ ਜਿਲ੍ਹਾ ਹੁਸ਼ਿਆਰਪੁਰ ਜੋ ਕਿ ਅੱਜਕੱਲ ਵੈਨਕੂਵਰ ਕਨੇਡਾ ਵਿਖੇ ਰਹਿ ਰਹੇ ਸਨ ਪ੍ਰਮਾਤਮਾ ਵੱਲੋਂ ਦਿੱਤੀ ਸਵਾਸਾਂ ਦੀ ਪੂੰਜੀ ਭੋਗ ਕੇ 19 ਮਾਰਚ ਨੂੰ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦਾ ਫਿਊਨਲ 31 ਮਾਰਚ ਦੁਪਿਹਰ 1 ਵਜੇ ਰਿਵਰ ਸਾਇਡ ਡੈਲਟਾ ਵਿਖੇ ਹੋਵੇਗਾ ਅਤੇ ਅੰਤਿਮ ਅਰਦਾਸ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਹਿਬ 8115 132 ਸਟਰੀਟ ਸਰੀ ਵਿਖੇ ਹੋਵੇਗਾ। ਆਪ ਸਭ ਸੰਗਤ ਨੂੰ ਬੇਨਤੀ ਹੈ ਕੀ ਦਰਸ਼ਣ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

**ਗੁਰੂ ਦੇ ਭਾਣੇ ਵਿਚ**

**ਹਰਭਜਨ ਸਿੰਘ ਤੰਬੜ ਅਤੇ ਸਮੂਹ ਪਰਿਵਾਰ**

**604-321-2240 ਜਾਂ 604-716-2240**




7050 120 Street, Surrey, British Columbia V3W 3M8, Tel: (604) 598-1300 Fax: (604) 594-1669

# ਇਸ ਹਫਤੇ ਦੇ ਪ੍ਰੋਗਰਾਮ

**24 ਮਾਰਚ ਦਿਨ ਸ਼ੁੱਕਰਵਾਰ**

*ਸਵੇਰੇ 10 ਵਜੇ ਅਰੰਭ ਸ੍ਰੀ ਅਖੰਡਪਾਠ ਸਾਹਿਬ

1. ਅਖੰਡਪਾਠ ਸਾਹਿਬ ਦੀ ਸੇਵਾ ਪਿੰਡ ਖਟਕੜ ਕਲਾਂ ਅਤੇ ਮੋਰਾਂਵਾਲੀ ਦੀ ਸੰਗਤ ਵੱਲੋਂ
2. ਅਖੰਡਪਾਠ ਸਾਹਿਬ ਝੋਰੜਾਂ ਦੀ ਸੰਗਤਾਂ ਵੱਲੋਂ
3. ਅਖੰਡ ਪਾਠ ਸਾਹਿਬ ਪਿੰਡ ਸੰਗਲ ਸੋਹਲ ਦੀ ਸੰਗਤ ਵੱਲੋਂ ਤੇ ਪਰਿਵਾਰਾ ਵੱਲੋਂ

**25 ਮਾਰਚ ਦਿਨ ਸ਼ਨਿਚਰਵਾਰ**

ਸਵੇਰੇ 10 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਜਗਦੀਪ ਸਿੰਘ ਗਿੱਲ ਅਤੇ ਪਰਿਵਾਰ ਵੱਲੋਂ

*ਦਾਹ ਸਸਕਾਰ ਮਾਤਾ ਗੁਰਦੇਵ ਕੌਰ 9 ਵਜੇ ਐਬਟਸਫੋਰਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ ਸਵੇਰੇ 11.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਦਾਹ ਸਸਕਾਰ ਸ. ਭਗਵੰਤ ਸਿੰਘ ਬਰਾੜ 2 ਵਜੇ ਰਿਵਰਸਾਇਡ ਵਿਖੇ ਹੋਵੇਗਾ ਗੁਰਦੁਆਰਾ ਸਾਹਿਬ ਵਿਖੇ 3.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

*ਸ਼ਾਮ 4 ਵਜੇ ਸੁਖਮਨੀ ਸਾਹਿਬ ਦੇ ਪਾਠ ਈਸ਼ਾ ਸਹੋਤਾ ਪਰਿਵਾਰ ਵੱਲੋਂ

*ਸ਼ਾਮ 5 ਵਜੇ ਸੁਖਮਨੀ ਸਾਹਿਬ ਅਮਰਜੀਤ ਸਿੰਘ ਪਰਿਵਾਰ ਵੱਲੋਂ, ਕੀਰਤਨ ਅਤੇ ਸ਼ਾਮ ਦੇ ਲੰਗਰਾਂ ਦੀ ਸੇਵਾ ਹੋਵੇਗੀ

**26 ਮਾਰਚ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ 6 ਸ੍ਰੀ ਅਖੰਡ ਪਾਠ ਸਾਹਿਬ

*ਸਵੇਰੇ 9 ਵਜੇ ਭੋਗ ਸ੍ਰੀ ਸਹਿਜ ਪਾਠ ਸਾਹਿਬ ਮੰਗਲ ਸਿੰਘ ਗਿੱਲ ਪਰਿਵਾਰ ਵੱਲੋਂ

*ਸਵੇਰੇ 11 ਵਜੇ ਸੁਖਮਨੀ ਸਾਹਿਬ ਰੱਬਾਨੀ ਰੰਧਾਵਾ ਅਤੇ ਪਰਿਵਾਰ ਵੱਲੋਂ।

*ਦੁਪਹਿਰ 1 ਵਜੇ ਸੁਖਮਨੀ ਸਾਹਿਬ ਰੁਪਾਲੀ ਅਤੇ ਪਰਿਵਾਰ ਵੱਲੋਂ

*ਦਾਹ ਸਸਕਾਰ ਮਾਤਾ ਮਹਿੰਦਰ ਕੌਰ 2.30 ਵਜੇ ਰਿਵਰਸਾਇਡ ਵਿਖੇ ਹੋਵੇਗਾ ਗੁਰਦੁਆਰਾ ਸਾਹਿਬ ਵਿਖੇ 4 ਵਜੇ ਸ੍ਰੀ ਸਹਿਜਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ।




**ਐਤਵਾਰ ਦੇ ਦੀਵਾਨ ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜੋਤੀ ਜੋਤ ਪੁਰਬ ਨੂੰ ਸਮਰਪਿਤ ਹੋਣਗੇ**

ਸੂਚਨਾ:ਹਰੇਕ ਸੰਗਰਾਂਦ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਅਰਦਾਸ ਕੀਤੀ ਜਾਵੇਗੀ।

ਗੁਰਦੁਆਰਾ ਸਾਹਿਬ ਵੱਲੋਂ ਚੱਲ ਰਹੇ ਗੁਰਮਤਿ ਸਕੂਲ ਵਿਚ ਕਲਾਸਾਂ ਚੱਲ ਰਹੀਆਂ ਹਨ।ਵਧੇਰੇ ਜਾਣਕਾਰੀ ਅਤੇ ਬੱਚਿਆਂ ਨੂੰ ਰਜਿਸਟਰ ਕਰਵਾਉਣ ਲਈ ਦਫਤਰ ਵਿਚ ਸੰਪਰਕ ਕਰੋ ਜੀ

*ਕੀਰਤਨ *ਤਬਲਾ ਤੇ ਤੰਤੀ ਸਾਜ ਕਲਾਸਾਂ *ਸੰਥਿਆ ਕਲਾਸਾਂ *ਪੰਜਾਬੀ ਕਲਾਸਾਂ *ਗਤਕਾ ਅਤੇ ਦੁਮਾਲਾ ਸਿਖਲਾਈ ਕਲਾਸਾਂ

## ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*25 ਮਾਰਚ ਦਿਨ ਸ਼ਨਿਚਰਵਾਰ ਸਹਿਜਪਾਠ ਦੇ ਭੋਗ ਪਾਏ ਜਾਣਗੇ।

*25 ਮਾਰਵ ਦਿਨ ਸ਼ਨਿਚਰਵਾਰ ਸ. ਬਲਜੀਤ ਸਿੰਘ ਘੁੰਮਣ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਪਾਠ ਕਰਵਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*26 ਮਾਰਚ ਦਿਨ ਐਤਵਾਰ ਗੁਰਮੀਤ ਕੌਰ ਧਾਲੀਵਾਲ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ।

*26 ਮਾਰਚ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

*26 ਮਾਰਚ ਦਿਨ ਐਤਵਾਰ ਵਿਸ਼ੇਸ਼ ਹਫਤਾਵਾਰੀ ਦੀਵਾਨ ਸਜਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥਾ:ਭਾਈ ਕੇਵਲ ਸਿੰਘ ਬਠਿੰਡਾ ਦਾ ਜਥਾ

*ਕਥਾ ਵਾਚਕ -ਭਾਈ ਬਲਜੀਤ ਸਿੰਘ ਗੁਰਦਾਸਪੁਰੀ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

## ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)

# ਬਜ਼ੁਰਗਾਂ ਨਾਲ ਧੋਖਾ ਕਰਨ ਵਾਲੇ ਤਿੰਨ ਪੰਜਾਬੀਆਂ ਨੂੰ ਸਖਤ ਸਜ਼ਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਜ਼ੁਰਗ ਲੋਕਾਂ ਨਾਲ 1 ਲੱਖ 20 ਹਜ਼ਾਰ ਪੌਂਡ ਦੇ ਧੋਖਾਧੜੀ ਮਾਮਲੇ 'ਚ ਤਿੰਨ ਭਾਰਤੀ ਮੂਲ ਦੇ ਵਿਅਕਤੀਆਂ ਅਮਨਦੀਪ ਸੋਖਲ (36), ਕੁਲਵਿੰਦਰ ਸਿੰਘ (25) ਅਤੇ ਮਹਿਕਦੀਪ ਥਿੰਦ (33) ਨੂੰ ਨਿਊਕਾਸਲ ਕਰਾਊਨ ਕੋਰਟ ਨੇ 10 ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਹੈ। ਨੌਰਥ ਈਸਟ ਰੀਜਨਲ ਆਰਗੇਨਾਈਜ਼ਡ ਕ੍ਰਾਈਮ ਯੂਨਿਟ ਦੇ ਖੁਲਾਸਾ ਕੀਤਾ ਹੈ ਕਿ ਸਤੰਬਰ 2020 ਵਿੱਚ ਤਿੰਨ ਵਿਅਕਤੀਆਂ ਨੇ "ਕੋਰੀਅਰ ਫਰਾਡ" ਘਪਲਾ ਕੀਤਾ। ਦੋਸ਼ੀ ਵਿਅਕਤੀ ਪੀੜਤ ਲੋਕਾਂ ਨੂੰ ਪੁਲਿਸ ਅਧਿਕਾਰੀ, ਬੈਂਕ ਕ੍ਰਮਚਾਰੀ ਜਾਂ ਹੋਰ ਅਧਿਕਾਰੀ ਬਣ ਕੇ ਫੋਨ ਕਰਦੇ ਸਨ। ਅਪਰਾਧੀਆਂ ਵੱਲੋਂ ਫੋਨ ਕਰਕੇ ਪੀੜਤ ਲੋਕਾਂ ਨੂੰ ਭਰੋਸਾ ਦਿਵਾਉਂਦੇ ਸਨ ਕਿ ਉਹਨਾਂ ਦੇ ਬੈਂਕ ਖਾਤਿਆਂ ਵਿੱਚ ਘੁਟਾਲਾ ਕੀਤਾ ਗਿਆ ਹੈ। ਫਿਰ ਉਹਨਾਂ ਨੂੰ ਜਾਂਚ ਵਿੱਚ ਸਹਿਯੋਗ ਦੇਣ ਲਈ ਕਿਹਾ ਜਾਂਦਾ, ਉਹਨਾਂ ਤੋਂ ਬੈਂਕ ਜਾਣਕਾਰੀ ਅਤੇ ਹੋਰ ਕੀਮਤੀ ਸਮਾਨ ਬਾਰੇ ਪੁਛਿਆ ਜਾਂਦਾ। ਇਸ ਜਾਣਕਾਰੀ ਦੀ ਬਾਅਦ ਵਿੱਚ ਵੱਡੀ ਰਕਮ ਚੋਰੀ ਕਰਨ ਲਈ ਵਰਤੋਂ ਕੀਤੀ ਜਾਂਦੀ।

ਲੰਡਨ ਦੇ ਇਲਾਕੇ ਸਾਊਥਾਲ, ਹੰਸਲੋ ਇਲਾਕੇ ਵਿੱਚ ਰਹਿਣ ਵਾਲੇ ਇਸ ਗ੍ਰੋਹ ਨੂੰ ਥੋੜੇ ਸਮੇਂ ਬਾਅਦ ਗ੍ਰਿਫਤਾਰ ਕਰ ਲਿਆ। 5 ਹਫਤੇ ਚੱਲੇ ਕੇਸ ਵਿੱਚ ਪਿਛਲੇ ਦਸੰਬਰ ਵਿੱਚ ਉਹਨਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਅਤੇ ਹੁਣ ਅਦਾਲਤ ਨੇ ਮਹਿਕਦੀਪ ਥਿੰਦ ਜਿਸ ਦਾ ਕੋਈ ਪਕਾ ਪਤਾ ਨਹੀਂ ਨੂੰ ਧੋਖਾਧੜੀ, ਹਵਾਲਾ ਅਤੇ ਨਕਲੀ ਪਹਿਚਾਣ ਕਾਰਡਾਂ ਦੇ ਦੋਸ਼ ਤਹਿਤ 5 ਸਾਲ 7 ਮਹੀਨੇ ਕੈਦ, ਅਮਨਦੀਪ ਸੋਖਲ ਵਾਸੀ ਐਲਨਬੇ ਰੋਡ, ਸਾਊਥਾਲ ਨੂੰ 4 ਸਾਲ 6 ਮਹੀਨੇ ਕੈਦ, ਜਦ ਕਿ ਕੁਲਵਿੰਦਰ ਸਿੰਘ ਵਾਸੀ ਓਲਡ ਕੋਟ ਡਰਾਈਵ, ਹੰਸਲੋ ਨੂੰ ਹਵਾਲਾ ਮਾਮਲੇ 'ਚ 18 ਮਹੀਨੇ ਮੁਲਤਵੀ ਕੈਦ ਅਤੇ 240 ਘੰਟੇ ਭਾਈਚਾਰਕ ਸੇਵਾ ਕਰਨ ਦੀ ਸਜ਼ਾ ਸੁਣਾਈ ਹੈ। ਜਾਂਚ ਅਧਿਕਾਰੀ ਕਾਂਸਟੇਬਲ ਐਂਡੀ ਸਮਿੱਥ ਨੇ ਕਿਹਾ ਹੈ ਕਿ ਇਹ ਬੇਰਹਿਮ ਅਪਰਾਧੀਆਂ ਵੱਲੋਂ ਕਮਜ਼ੋਰ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ, ਪਰ ਉਹਨਾਂ ਬਹਾਦਰ ਲੋਕਾਂ ਦੇ ਸਹਿਯੋਗ ਨਾਲ ਨਿਆਂ ਦੀ ਜਿੱਤ ਯਕੀਨੀ ਹੋਈ ਹੈ।

# 'ਵੋਟਰਾਂ ਨੂੰ 'ਛਿੱਤਰ ਫੇਰਨੇ ਚਾਹੀਏ...' ਬੀਜੇਪੀ ਸੰਸਦ ਕਿਰਨ ਖੇਰ ਦੀ ਵਿਵਾਦਿਤ ਟਿੱਪਣੀ



ਚੰਡੀਗੜ੍ਹ-ਭਾਜਪਾ ਦੀ ਸੰਸਦ ਮੈਂਬਰ ਕਿਰਨ ਖੇਰ ਨੇ ਵੋਟਰਾਂ ਬਾਰੇ ਕੀਤੀ ਟਿੱਪਣੀ ਨੂੰ ਲੈ ਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀ ਆਲੋਚਨਾ ਕੀਤੀ ਹੈ। ਦਰਅਸਲ, ਕਿਰਨ ਖੇਰ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਈ ਸੀ। ਉਹ ਆਪਣੇ ਸੰਸਦੀ ਹਲਕੇ ਵਿੱਚ ਕੀਤੇ ਵਿਕਾਸ ਕਾਰਜਾਂ ਬਾਰੇ ਗੱਲਬਾਤ ਕਰ ਰਹੇ ਸਨ। ਦਾਅਵਾ ਕੀਤਾ ਜਾ ਰਿਹੈ ਕਿ ਇਸ ਦੌਰਾਨ ਉਹਨਾਂ ਨੇ ਕੁਝ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਜੋ ਅਣਉਚਿਤ ਸਨ। ਇਸ ਪ੍ਰੋਗਰਾਮ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ। ਜਿਸ ਬਾਰੇ ਇਹ ਦਾਅਵਾ ਕੀਤਾ ਜਾ ਰਿਹੈ ਕਿ ਕਿਰਨ ਖੇਰ ਨੇ ਵੋਟਰਾਂ ਬਾਰੇ ਗੱਲ ਕਰਦੇ ਹੋਏ 'ਲਾਹਨਤ ਹੈ' ਅਤੇ 'ਛਿੱਤਰ ਫੇਰਨੇ ਚਾਹੀਏ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਵੀਡੀਓ ਵਿੱਚ ਚੰਡੀਗੜ੍ਹ ਤੋਂ ਦੋ ਵਾਰ ਸੰਸਦ ਮੈਂਬਰ ਰਹਿ ਚੁੱਕੀ ਕਿਰਨ ਖੇਰ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦੈ ਕਿ ਜੇ ਦੀਪ ਕੰਪਲੈਕਸ ਵਿੱਚ ਇੱਕ ਵੀ ਵਿਅਕਤੀ ਮੈਨੂੰ ਵੋਟ ਨਹੀਂ ਪਾਉਂਦਾ ਤਾਂ ਫਿਰ ਬੜੀ ਲਾਹਤ ਵਾਲੀ ਗੱਲ ਹੈ...ਜਾ ਕੇ ਛਿੱਤਰ ਫੇਰਨੇ ਚਾਹੀਦੇ ਹਨ ਉਨ੍ਹਾਂ ਨੂੰ। ਖੇਰ ਨੇ ਇਹੀ ਟਿੱਪਣੀ ਹਲਕੇ-ਫੁਲਕੇ ਢੰਗ ਨਾਲ ਕੀਤੀ ਗਈ ਸੀ ਪਰ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਨੇ ਇਸ ਨੂੰ ਲੈ ਕੇ ਸਿਆਸੀ ਬਵਾਲ ਖੜ੍ਹਾ ਕਰ ਦਿੱਤਾ ਹੈ।

# ਅਸੀਂ ਕਾਰਵਾਈ ਦੀ ਨਿਖੇਧੀ ਕਰਦੇ ਹਾਂ:ਮਾਨ

ਚੰਡੀਗੜ੍ਹ;-ਸੰਗਰੂਰ ਤੋਂ ਲੋਕ ਸਭਾ ਦੇ ਮੈਂਬਰ ਪਾਰਲੀਮੈਂਟ ਨੇ ਅਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ, "ਗ੍ਰਿਫ਼ਤਾਰੀਆਂ ਹੋਣ ਜਾਂ ਹਿਰਾਸਤ ਵਿੱਚ ਲੈਣਾ ਹੋਵੇ, ਖਾਲਸਾ ਵਹੀਰ ਕੱਢਣ ਤੇ ਸਿੱਧੂ ਮੂਸੇਵਾਲਾ ਦੀ ਬਰਸੀ ਸਮਾਗਮ ਤੋਂ ਇੱਕ ਦਿਨ ਪਹਿਲਾਂ ਇੰਟਰਨੈੱਟ ਸੇਵਾਵਾਂ ਠੱਪ ਕਰਨਾ ਲੋਕਾਂ ਵਿੱਚ ਤਣਾਅ ਪੈਦਾ ਕਰ ਰਿਹਾ ਹੈ।

ਲੋਕ ਪ੍ਰੇਸ਼ਾਨ ਹੋ ਰਹੇ ਹਨ ਅਤੇ ਇਸ ਦੀ ਨਿਖੇਧੀ ਕਰਦੇ ਹਾਂ।""ਅਸੀਂ ਇਨ੍ਹਾਂ ਦੋਵੇਂ ਲੋਕਤੰਤਰਿਕ ਸਮਾਗਮਾਂ ਦੀ ਹਮਾਇਤ ਕਰਦੇ ਹਾਂ। ਅਸੀਂ ਅਮ੍ਰਿਤਪਾਲ ਵੱਲੋਂ ਕੱਢੀ ਜਾ ਰਹੀ ਖਾਲਸਾ ਵਹੀਰ ਤੇ ਨਸ਼ਾ ਛੁਡਾਉਣ ਦੀ ਮੁਹਿੰਮ ਦੀ ਹਮਾਇਤ ਕਰਦੇ ਹਾਂ।"










# ਖੁਫੀਆਂ ਏਜੰਸੀਆਂ ਨੇ ਲਾਏ ਭਾਈ ਅੰਮ੍ਰਿਤਪਾਲ ਸਿੰਘ ਤੇ ਗੰਭੀਰ ਦੋਸ਼

ਚੰਡੀਗੜ੍ਹ:'ਵਾਰਿਸ ਪੰਜਾਬ ਦੇ' ਸੰਸਥਾ ਦੇ ਮਖੀ ਅੰਮ੍ਰਿਤਪਾਲ ਸਿੰਘ ਬਾਰੇ ਖੁਫੀਆ ਏਜੰਸੀਆਂ ਦੋਸ਼ ਲਾਇਆ ਹੈ ਕਿ ਅੰਮ੍ਰਿਤਪਾਲ ਸਿੰਘ ਨਸ਼ਾ ਛਡਾਊ ਕੇਂਦਰਾਂ ਅਤੇ ਗੁਰਦੁਆਰੇ ਦੀ ਵਰਤੋਂ ਹਥਿਆਰਾਂ ਦਾ ਭੰਡਾਰ ਕਰਨ ਅਤੇ ਨੌਜਵਾਨਾਂ ਨੂੰ ਆਤਮਘਾਤੀ ਹਮਲਿਆਂ ਲਈ ਤਿਆਰ ਕਰਨ ਲਈ ਕਰਦਾ ਸੀ। ਇਸ ਸੂਚਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਵੀ ਰੈੱਡ ਅਲਰਟ 'ਤੇ ਆ ਗਈਆਂ ਹਨ। ਵੱਖ-ਵੱਖ ਸੁਰੱਖਿਆ ਏਜੰਸੀਆਂ ਦੇ ਇਨਪੁਟਸ ਨਾਲ ਤਿਆਰ ਕੀਤੇ ਗਏ ਇੱਕ ਮੋਟੇ ਡੋਜ਼ੀਅਰ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅੰਮ੍ਰਿਤਪਾਲ ਮੁੱਖ ਤੌਰ 'ਤੇ ਮਨੁੱਖੀ ਬੰਬ (ਖਾੜਕੂ) ਬਣਾਉਣ ਲਈ ਨੌਜਵਾਨਾਂ ਦੀ ਬ੍ਰੇਨਵਾਸ਼ ਕਰਨ ਵਿੱਚ ਲੱਗਾ ਹੋਇਆ ਸੀ। ਉਹ ਪਿਛਲੇ ਸਾਲ ਕਥਿਤ ਤੌਰ 'ਤੇ ਪਾਕਿਸਤਾਨ ਦੀ ਆਈ. ਐਸ. ਆਈ. ਅਤੇ ਵਿਦੇਸ਼ਾਂ 'ਚ ਰਹਿ ਰਹੇ ਖਾਲਿਸਤਾਨ ਸਮਰਥਕਾਂ ਦੇ ਇਸ਼ਾਰੇ 'ਤੇ ਦੁਬਈ ਤੋਂ ਪਰਤਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਅੰਮ੍ਰਿਤਪਾਲ ਸਿੰਘ ਨੇ ਇੱਕ ਫੌਜ ਆਨੰਦਪੁਰ ਖਾਲਸਾ ਫਰੰਟ (ਏਕੇਐਫ) ਵੀ ਤਿਆਰ ਕੀਤੀ ਸੀ।ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਪੁਲਿਸ ਨੇ ਉਸ ਦੇ ਟਿਕਾਣੇ 'ਤੇ ਛਾਪਾ ਮਾਰਿਆ ਤਾਂ ਉਸ ਦੇ ਟਿਕਾਣੇ ਤੋਂ ਕਈ ਹਥਿਆਰ ਅਤੇ ਗੋਲਾ ਬਾਰੂਦ ਜ਼ਬਤ ਕੀਤਾ ਗਿਆ, ਜਦੋਂ ਕਿ ਵਰਦੀਆਂ ਅਤੇ ਜੈਕਟਾਂ ਵੀ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ਸਿੱਖ ਪ੍ਰਚਾਰਕ ਦੀ ਕਾਰ ਵਿੱਚੋਂ ਬਰਾਮਦ ਹੋਏ ਹਥਿਆਰਾਂ 'ਤੇ 'ਏਕੇਐਫ' ਲਿਖਿਆ ਹੋਇਆ ਸੀ। ਅੰਮ੍ਰਿਤਪਾਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਨੌਜਵਾਨਾਂ ਨੂੰ 'ਗੰਨ ਕਲਚਰ' ਵੱਲ ਧੱਕਣਾ ਚਾਹੁੰਦਾ ਸੀ।







# ਨੋਟਬੰਦੀ ਤੋਂ ਬਾਅਦ 5 ਸਾਲਾਂ 'ਚ 500 ਤੇ 2000 ਰੁਪਏ ਦੇ ਨੋਟ ਤਿੰਨ ਗੁਣਾ ਹੋ ਗਏ

ਨਵੀਂ ਦਿੱਲੀ: ਵਿੱਤ ਮੰਤਰਾਲੇ ਨੇ ਰਿਜ਼ਰਵ ਦੇ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਲੋਕ ਸਭਾ ਨੂੰ ਦੱਸਿਆ ਕਿ ਮਾਰਚ 2017 ਦੇ ਅੰਤ ਵਿੱਚ 500 ਅਤੇ 2,000 ਰੁਪਏ ਦੇ ਨੋਟਾਂ ਦਾ ਪ੍ਰਚਲਨ 9.512 ਲੱਖ ਕਰੋੜ ਰੁਪਏ ਤੋਂ ਵਧ ਕੇ ਮਾਰਚ 2022 ਦੇ ਅੰਤ ਤੱਕ 27.057 ਲੱਖ ਕਰੋੜ ਰੁਪਏ ਹੋ ਗਿਆ ਹੈ।ਲੋਕ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਮੰਤਰਾਲੇ ਨੇ ਇਹ ਵੀ ਕਿਹਾ ਕਿ ਬੈਂਕਾਂ ਨੂੰ ਆਟੋਮੇਟਿਡ ਟੈਲਰ ਮਸ਼ੀਨਾਂ ਜਾਂ ਏਟੀਐਮ ਵਿੱਚ 2,000 ਰੁਪਏ ਦੇ ਨੋਟ ਨਾ ਰੱਖਣ ਲਈ ਕੋਈ ਹਦਾਇਤ ਨਹੀਂ ਦਿੱਤੀ ਗਈ ਹੈ।

ਭਾਰਤ ਰਾਸ਼ਟਰ ਸਮਿਤੀ ਦੇ ਸੰਸਦ ਮੈਂਬਰ ਸੰਤੋਸ਼ ਕੁਮਾਰ ਨੇ ਪੁੱਛਿਆ ਸੀ, 'ਕੀ ਨੋਟਬੰਦੀ ਤੋਂ ਬਾਅਦ 9.21 ਲੱਖ ਕਰੋੜ ਰੁਪਏ ਦੇ ਜਾਰੀ ਕੀਤੇ ਗਏ 500 ਅਤੇ 2000 ਰੁਪਏ ਦੇ ਨੋਟ ਚਲਨ ਤੋਂ ਬਾਹਰ ਹੋ ਗਏ ਹਨ' ਅਤੇ 'ਕੀ ਇਹ ਨੋਟ ਫਿਰ ਤੋਂ ਕਾਲੇ ਧਨ 'ਚ ਬਦਲ ਗਏ ਹਨ'।

# ਪੁਲਸ ਵੱਲੋਂ ਸਿੱਖ ਨੌਜਵਾਨਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ:ਸ਼੍ਰੋਮਣੀ ਕਮੇਟੀ



ਅੰਮ੍ਰਿਤਸਰ:-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅੰਦਰ ਪੁਲਸ ਵੱਲੋਂ ਸਿੱਖ ਨੌਜਵਾਨਾਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਦੀ ਸਖ਼ਤ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਪੰਜਾਬ ਅੰਦਰ ਬੇਕਸੂਰੇ ਸਿੱਖ ਨੌਜਵਾਨਾਂ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਉਣਾ ਠੀਕ ਨਹੀਂ ਹੈ। ਬਿਨਾਂ ਕਿਸੇ ਦੋਸ਼ ਦੇ ਮਨਘੜਤ ਕਹਾਣੀਆਂ ਬਣਾ ਕੇ ਨੌਜਵਾਨਾਂ ਦੀ ਫੜੋ-ਫੜੀ ਸੂਬੇ ਦੇ ਹਿੱਤ 'ਚ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਨੇ ਕਈ ਦੌਰ ਵੇਖੇ ਹਨ ਅਤੇ ਸੂਬੇ ਦੀ ਮੌਜੂਦਾ ਸਰਕਾਰ ਵੱਲੋਂ ਹਾਲਾਤ ਨੂੰ ਤਲਖ਼ ਕਰਨ ਵਿਚ ਇਕ ਹੋਰ ਅਧਿਆਇ ਸ਼ਾਮਲ ਕਰਨਾ ਬੇਹੱਦ ਮੰਦਭਾਗਾ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਾਫ਼ ਤੌਰ 'ਤੇ ਕਿਹਾ ਕਿ ਪੰਜਾਬ ਦੀ ਸਿੱਖ ਨੌਜਵਾਨੀ ਨੇ ਇਕੱਲੇ ਸੂਬੇ ਦੀ ਹੀ ਨਹੀਂ, ਸਗੋਂ ਦੇਸ਼ ਅਤੇ ਦੁਨੀਆ ਦੀ ਤਰੱਕੀ ਵਿਚ ਵੱਡਾ ਯੋਗਦਾਨ ਪਾਇਆ ਹੈ ਪਰ ਦੁੱਖ ਦੀ ਗੱਲ ਹੈ ਕਿ ਸਮੇਂ-ਸਮੇਂ 'ਤੇ ਜਾਣਬੁੱਝ ਕੇ ਸਿੱਖ ਨੌਜਵਾਨਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਵੀ ਅਜਿਹੀ ਹੀ ਗ਼ਲਤੀ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਦਾ ਕੋਈ ਕਸੂਰ ਸਾਹਮਣੇ ਆਉਂਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਤੌਰ 'ਤੇ ਹੀ ਕਾਰਵਾਈ ਕੀਤੀ ਜਾ ਸਕਦੀ ਹੈ।ਕਿਸੇ ਵੀ ਵਰਤਾਰੇ ਦੀ ਆੜ ਹੇਠ ਸਰਕਾਰ ਨੂੰ ਸੂਬੇ ਅੰਦਰ ਡਰ ਦਾ ਮਾਹੌਲ ਬਿਲਕੁਲ ਨਹੀਂ ਬਣਾਉਣਾ ਚਾਹੀਦਾ।ਉਨ੍ਹਾਂ ਆਖਿਆ ਕਿ ਸਿੱਖ ਨੌਜਵਾਨੀ ਅੰਦਰ ਚੇਤਨਾ ਦੇ ਅਮਲ ਨੂੰ ਦੋਸ਼ ਵਜੋਂ ਪੇਸ਼ ਕਰਨਾ ਸਰਕਾਰ ਦੀ ਵੱਡੀ ਭੁੱਲ ਹੀ ਮੰਨੀ ਜਾਵੇਗੀ।


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਮਾਰਚ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ, ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਜੀ ਅਤੇ ਭਾਈ ਸ਼ਾਹਬਾਜ ਸਿੰਘ ਜੀ ਦਾ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:

1. ਨਗਰ ਧਾਲੀਵਾਲ ਦੋਨਾ ਦੀ ਸੰਗਤ ਵੱਲੋਂ 2. ਭਾਈ ਬਲਵੀਰ ਸਿੰਘ ਗਰਚਾ ਪਰਿਵਾਰ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 24 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 26 ਮਾਰਚ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਗਣੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*25 ਮਾਰਚ ਦਿਨ ਸ਼ਨਿਚਰਵਾਰ ਕਾਕਾ ਗੁਰਿੰਦਰ ਸਿੰਘ ਮਾਂਗਟ ਅਤੇ ਬੇਟੀ ਰਛਪਾਲ ਕੌਰ ਦੇ ਅਨੰਦਕਾਰਜ ਹੋਣਗੇ।

*25 ਮਾਰਚ ਦਿਨ ਸ਼ਨਿਚਰਵਾਰ ਸਵ. ਭਾਈ ਜਸਪਾਲ ਸਿੰਘ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਸ਼ਾਮ 3 ਵਜੇ ਹੋਵੇਗਾ।ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*25 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 4 ਪਰਿਵਾਰਾਂ ਵੱਲੋਂ ਹੋਵੇਗੀ:

1. ਰਮੇਸ਼ ਗੋਇਲ ਪਰਿਵਾਰ ਵੱਲੋਂ 2. ਭਾਈ ਰਣਜੀਤ ਸਿੰਘ ਗਰੇਵਾਲ ਪਰਿਵਾਰ ਵੱਲੋਂ ਬੱਚੀ ਅਵਨੀਤ ਕੌਰ ਗਰੇਵਾਲ ਦੇ 5ਵੇਂ ਜਨਮ ਦਿਨ ਦੀ ਖੁਸ਼ੀ ਵਿਚ

2. ਭਾਈ ਸੁਖਦੀਪ ਸਿੰਘ ਅਤੇ ਬੀਬੀ ਰੁਪਿੰਦਰ ਕੌਰ ਪਰਿਵਾਰ ਵੱਲੋਂ ਆਪਣੀ ਬੇਟੀ ਅੰਮ੍ਰਿਤ ਕੌਰ ਦੇ ਜਨਮ ਦੀ ਖੁਸ਼ੀ ਵਿਚ 4. ਭਾਈ ਮਨਿੰਦਰਪਾਲ ਸਿੰਘ ਪਰਿਵਾਰ ਵੱਲੋਂ

*26 ਮਾਰਚ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਗੁਰਚਰਨ ਸਿੰਘ ਸੰਧੂ ਪਰਿਵਾਰ ਵੱਲੋਂ ਹੋਵੇਗੀ।

*26 ਮਾਰਚ ਦਿਨ ਐਤਵਾਰ ਭਾਈ ਗੁਰਤੇਜ ਸਿੰਘ ਢਿੱਲੋਂ ਅਤੇ ਭਾਈ ਜਸਵਿੰਦਰ ਸਿੰਘ ਬਰਾੜ ਪਰਿਵਾਰ ਵੱਲੋਂ ਸਹਿਜਪਾਠ ਦੇ ਭੋਗ ਪਾਏ ਜਾਣਗੇ ਤੇ ਲੰਗਰਾਂ ਦੀ ਸੇਵਾ ਹੋਵੇਗੀ।

*26 ਮਾਰਚ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਅਵਤਾਰ ਸਿੰਘ ਨਿੱਝਰ ਪਰਿਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224, ਫੈਕਸ:604-572-3276**

# ਸਿਹਤ ਸੰਬੰਧੀ





## ਬਵਾਸੀਰ (ਹੈਮੋਰਾਇਡਜ਼) ਅਤੇ ਹੋਮਿਓਪੈਥੀ

ਜਦੋਂ ਗੁਦਾ ਦੇ ਆਲੇ-ਦੁਆਲੇ ਅਤੇ ਰੈਕਟਮ ਵਿੱਚ ਸੋਜਸ਼ ਕਾਰਣ ਗੁਦਾ ਵਿੱਚੋਂ ਨਾੜੀਆਂ ਬਾਹਰ ਨੂੰ ਨਿਕਲਣਾ ਸ਼ੁਰੂ ਕਰ ਦੇਣ ਤਾਂ ਉਸ ਨੂੰ ਬਵਾਸੀਰ ਜਾਂ ਪਾਈਲਜ਼ ਆਖਦੇ ਹਨ। ਇਹ ਨਾੜੀਆਂ ਇੱਕ ਤਰ੍ਹਾਂ ਨਾਲ "ਵੈਰੀਕੋਜ਼ ਵੇਨਜ਼" ਵਰਗੀਆਂ ਹੁੰਦੀਆਂ ਹਨ ਜਿਹੜੀਆਂ ਸੁੱਜ ਕੇ ਵੱਡੀਆਂ ਹੋਣ ਕਾਰਣ ਆਪਣੀ ਲਚਕ ਗੁਆ ਦਿੰਦੀਆਂ ਹਨ ਜਿਸ ਕਰਕੇ ਜਦੋਂ ਵੀ ਪਖਾਨੇ ਵਾਸਤੇ ਜ਼ੋਰ ਲਗਾਉਣਾ ਪੈਂਦਾ ਹੈ ਤਾਂ ਇਹ ਬਾਹਰ ਨੂੰ ਨਿਕਲਣ ਲੱਗ ਜਾਂਦੀਆਂ ਹਨ। ਕਈ ਵਾਰੀ ਇੱਕ ਅੰਗੂਰ ਦੇ ਗੁੱਛੇ ਵਾਂਗ ਵੀ ਇਹ ਗੁਦਾ ਤੋਂ ਬਾਹਰ ਆ ਜਾਂਦੀਆਂ ਹਨ ਅਤੇ ਪੀੜਤ ਵਿਅਕਤੀ ਨੂੰ ਆਪਣੇ ਹੱਥ ਨਾਲ ਇਨ੍ਹਾਂ ਨੂੰ ਵਾਪਸ ਅੰਦਰ ਪਾਉਣਾ ਪੈਂਦਾ ਹੈ। ਅੱਗੇ ਚੱਲ ਕੇ ਇਸ ਬਾਰੇ ਹੋਰ ਜ਼ਿਕਰ ਕੀਤਾ ਜਾਵੇਗਾ। ਇਸ ਤਰ੍ਹਾਂ ਦੀ ਤਕਲੀਫ਼ ਲੰਮੇ ਸਮੇਂ ਤਕ ਬੈਠ ਕੇ ਕੰਮ ਕਰਨ, ਖੜ੍ਹੇ ਰਹਿਣ ਜਾਂ ਭਾਰੀ ਚੀਜ਼ਾਂ ਚੁੱਕਣ ਨਾਲ ਜਾਂ ਕਬਜ਼ ਹੋਣ ਕਾਰਣ, ਸਖ਼ਤ ਪਖਾਨੇ ਕਰਕੇ ਜ਼ੋਰ ਲਗਾਉਣ ਕਾਰਣ ਜਾਂ ਪ੍ਰੈਗਨੈਂਸੀ ਅਤੇ ਪ੍ਰਸੂਤ ਦੇ ਸਮੇਂ, ਘੱਟ ਵਰਜਿਸ਼, ਜਿਗਰ ਦੀ ਬਿਮਾਰੀ ਜਾਂ ਕਈ ਤਰ੍ਹਾਂ ਦੀਆਂ ਫ਼ੂਡ ਐਲਰਜੀਜ਼ ਜਾਂ ਸ਼ਰਾਬ ਦੇ ਵੱਧ ਸੇਵਨ ਕਾਰਣ ਵੀ ਹੋ ਸਕਦੀ ਹੈ। ਸਾਡੀ ਹੋਮਿਓਪੈਥੀ ਦੀ ਰੋਜ਼ਮਰ੍ਹਾ ਦੀ ਪ੍ਰੈਕਟਿਸ ਵਿੱਚ ਆਮ ਤੌਰ 'ਤੇ ਇਹ ਵੇਖਣ ਵਿੱਚ ਆਇਆ ਹੈ ਕਿ ਟਰੱਕ ਚਾਲਕਾਂ, ਟੈਕਸੀ ਡਰਾਈਵਰਾਂ ਜਾਂ ਦਫ਼ਤਰ ਵਿੱਚ ਕੁਰਸੀ ਉੱਪਰ ਬੈਠਣ ਵਾਲਿਆਂ, ਖੜ੍ਹੇ ਹੋ ਕੇ ਕੰਮ ਕਰਨ ਵਾਲੇ ਵਿਅਕਤੀ ਇਸ ਤਕਲੀਫ਼ ਦੇ ਸ਼ਿਕਾਰ ਹੋ ਸਕਦੇ ਹਨ। ਇਸ ਦੀਆਂ ਅਲਾਮਤਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਬਵਾਸੀਰ ਕਿਸ ਕਿਸਮ ਦੀ ਹੈ। ਇਸ ਦੀਆਂ ਮੁੱਖ ਰੂਪ ਵਿੱਚ ਦੋ ਕਿਸਮਾਂ ਹਨ:

1.ਬਾਹਰੀ ਬਵਾਸੀਰ: ਜਿਸ ਨਾਲ ਦਰਦ ਹੁੰਦੀ ਹੈ।

2. ਅੰਦਰੂਨੀ ਬਵਾਸੀਰ: ਜਿਸ ਵਿੱਚ ਆਮ ਕਰਕੇ ਦਰਦ ਨਹੀਂ ਹੁੰਦੀ ਪਰ ਖ਼ੂਨ ਆਉਂਦਾ ਹੈ।

**ਬਾਹਰੀ ਬਵਾਸੀਰ:**

ਗੁਦਾ ਦੇ ਹੇਠਲੇ ਇੱਕ-ਤਿਹਾਈ ਹਿੱਸੇ ਵਿੱਚ ਇਹ ਬਵਾਸੀਰ ਉਤਪੰਨ ਹੁੰਦੀ ਹੈ। ਇਹ ਬਵਾਸੀਰ ਗੁਦਾ ਤੋਂ ਬਾਹਰ ਨਜ਼ਰ ਆਉਂਦੀ ਹੈ ਜਿਸ ਵਿੱਚ ਸੋਜ ਅਤੇ ਦਰਦ ਹੁੰਦਾ ਹੈ। ਖ਼ਾਰਿਸ਼ ਇਸ ਦਾ ਮੁੱਖ ਲੱਛਣ ਸਮਝਿਆ ਜਾਂਦਾ ਹੈ ਜੋ ਕਿ ਨਜ਼ਦੀਕ ਵਾਲੀ ਚਮੜੀ ਦੇ ਅਸਰ ਅਧੀਨ ਹੋਣ ਕਰਕੇ ਹੁੰਦਾ ਹੈ। ਇਸ ਜਗ੍ਹਾ ਤੋਂ ਪਾਣੀ ਜਿਹਾ ਵੀ ਨਿਕਲਦਾ ਹੈ ਅਤੇ ਜ.ਲਨ ਵੀ ਹੁੰਦੀ ਹੈ।

**ਅੰਦਰੂਨੀ ਬਵਾਸੀਰ:**

ਇਸ ਕਿਸਮ ਦੀ ਬਵਾਸੀਰ ਗੁਦਾ ਦੇ ਉੱਪਰੀ ਦੋ-ਤਿਹਾਈ ਹਿੱਸੇ ਵਿੱਚ ਹੁੰਦੀ ਹੈ। ਇਸ ਹਿੱਸੇ ਵਿੱਚ ਕੋਈ ਤੰਤੂ ਨਹੀਂ ਹੁੰਦੇ ਜਿਸ ਕਾਰਣ ਦਰਦ ਦਾ ਅਹਿਸਾਸ ਨਹੀਂ ਹੁੰਦਾ। ਇਸ ਤਰ੍ਹਾਂ ਦੀ ਬਵਾਸੀਰ ਵਿੱਚ ਖ਼ੂਨ ਆਉਂਦਾ ਹੈ ਪਰ ਕੋਈ ਪੀੜ ਨਹੀਂ ਹੁੰਦੀ। ਇਸ ਤਰ੍ਹਾਂ ਦੀ ਬਵਾਸੀਰ ਵਿੱਚ ਨਾੜੀਆਂ ਫੁੱਲਣ ਤੋਂ ਲੈ ਕੇ ਟੱਟੀ ਕਰ ਲੱਗਿਆਂ ਨਾੜੀਆਂ ਦਾ ਬਾਹਰ ਨਿਕਲਣਾ ਅਤੇ ਆਪਣੇ ਆਪ ਅੰਦਰ ਚਲੇ ਜਾਣਾ, ਜਾਂ ਜੇ ਕੇਸ ਜ਼ਿਆਦਾ ਹੀ ਵਿਗੜ ਜਾਵੇ ਤਾਂ ਬਾਹਰ ਨਿਕਲੀਆਂ ਨਾੜੀਆਂ ਨੂੰ ਹੱਥ ਨਾਲ ਵਾਪਸ ਅੰਦਰ ਪਾਉਣਾ ਪੈਂਦਾ ਹੈ ਅਤੇ ਕਈ ਕੇਸਾਂ ਵਿੱਚ ਇਨ੍ਹਾਂ ਨੂੰ ਵਾਪਸ ਅੰਦਰ ਪਾਉਣਾ ਵੀ ਔਖਾ ਹੋ ਜਾਂਦਾ ਹੈ।

ਲੰਮੇ ਸਮੇਂ ਤੋਂ ਚਲ ਰਹੀ ਕਬਜ਼ ਸਾਰੇ ਸਿਸਟਮ ਨੂੰ ਇਸ ਕਦਰ ਪ੍ਰਭਾਵਿਤ ਕਰ ਦਿੰਦੀ ਹੈ ਕਿ ਟੱਟੀ ਕਰਨ ਸਮੇਂ ਬਾਰ-ਬਾਰ ਜ਼ੋਰ ਲਗਾਉਣ ਕਾਰਣ ਅੰਦਰਲਾ ਹਿੱਸਾ ਛਿੱਲਿਆ ਜਾਂਦਾ ਹੈ ਅਤੇ ਸੋਜਸ਼ ਹੋਣ ਕਾਰਣ ਉਸ ਵਿੱਚ ਦਰਦ ਹੁੰਦਾ ਹੈ। ਪਖਾਨੇ ਜਾਣ ਤੋਂ ਬਾਅਦ ਕਈਆਂ ਨੂੰ ਬਹੁਤ ਦੇਰ ਤਕ ਦਰਦ ਰਹਿੰਦਾ ਹੈ ਅਤੇ ਇੰਨੀ ਬੇਚੈਨੀ ਹੋ ਜਾਂਦੀ ਹੈ ਕਿ ਬੈਠਣਾ, ਤੁਰ ਸਕਣਾ ਮੁਸ਼ਕਲ ਹੋ ਜਾਂਦਾ ਹੈ। ਕਈਆਂ ਕੇਸਾਂ ਵਿੱਚ ਪੀੜਤ ਨੂੰ ਲੱਤਾਂ ਚੌੜੀਆਂ ਕਰ ਕੇ ਤੁਰਨਾ ਪੈਂਦਾ ਹੈ ਕਿਉਂਕਿ ਰਗੜ ਨਾਲ ਦਰਦ ਵਧਦਾ ਹੈ। ਬਚਪਨ ਵਿੱਚ ਰਹਿਣ ਵਾਲੀ ਕਬਜ਼ ਦਾ ਜੇ ਤਸੱਲੀਬਖ਼ਸ਼ ਅਤੇ ਸਮੇਂ ਸਿਰ ਢੁਕਵਾਂ ਇਲਾਜ ਨਾ ਕਰਵਾਇਆ ਜਾਵੇ ਤਾਂ ਅੱਗੇ ਜਾ ਕੇ ਬਵਾਸੀਰ ਦੀ ਤਕਲੀਫ਼ ਹੋ ਸਕਦੀ ਹੈ।




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਇਹ ਜ਼ਰੂਰੀ ਨਹੀਂ ਹੁੰਦਾ ਕਿ ਰੈਕਟਲ ਬਲੀਡਿੰਗ ਦੇ ਪਿੱਛੇ ਕਾਰਣ ਬਵਾਸੀਰ ਹੀ ਹੋਵੇ, ਇਸ ਲਈ ਮਾਹਰ ਡਾਕਟਰ ਕੋਲੋਂ ਢੁਕਵੀਂ ਜਾਂਚ-ਪੜਤਾਲ ਕਰਵਾਉਣੀ ਮਹੱਤਵਪੂਰਣ ਹੈ। ਮੈਡੀਕਲ ਟ੍ਰੀਟਮੈਂਟ ਰਾਹੀਂ ਖ਼ੂਨੀ ਬਵਾਸੀਰ ਦੇ ਇਲਾਜ ਲਈ ਵੇਨਜ਼ ਨੂੰ ਬੰਨਿਆ ਜਾਂਦਾ ਹੈ। ਜੇ ਕੇਸ ਬਹੁਤ ਗੰਭੀਰ ਹੋਵੇ ਤਾਂ ਸਰਜਰੀ ਵੀ ਕੀਤੀ ਜਾਂਦੀ ਹੈ।

**ਬਚਾਅ:**

1 ਸਭ ਤੋਂ ਮਹੱਤਵਪੂਰਣ ਹੈ ਕਿ ਕਬਜ਼ ਨਾ ਹੋਣ ਦਿਓ। ਨਰਮ ਟੱਟੀ ਆਸਾਨੀ ਨਾਲ ਹੀ ਖਾਰਜ ਹੋ ਜਾਵੇਗੀ ਅਤੇ ਨਾਲ ਦੀਆਂ ਨਾੜੀਆਂ ਨੂੰ ਜ਼ਖ਼ਮੀ ਨਹੀਂ ਕਰੇਗੀ।

2.ਪਖਾਨੇ ਦੀ ਹਾਜਤ ਹੋਣ 'ਤੇ ਤੁਰੰਤ ਇਸ ਤੋਂ ਫਾਰਕ ਹੋਵੋ ਅਤੇ ਇਸ ਨੂੰ ਰੋਕੋ ਨਾ।

3 ਸਰੀਰਕ ਕਸਰਤ ਦੀ ਆਦਤ ਪਾਉਣ ਨਾਲ ਜਿੱਥੇ ਆਮ ਸਿਹਤਯਾਬੀ ਵਿੱਚ ਯੋਗਦਾਨ ਹੁੰਦਾ ਹੈ, ਉੱਥੇ ਹੀ ਸਾਰੇ ਸਰੀਰਕ ਤੰਤਰ ਨੂੰ ਲਾਭ ਪਹੁੰਚਦਾ ਹੈ।

4.ਭੋਜਨ ਵਿੱਚ ਫ਼ਾਇਬਰ (ਰੇਸ਼ੇ ਯੁਕਤ ਚੀਜ਼ਾਂ) ਦਾ ਸੇਵਨ ਕਰੋ।

5.ਸਹੀ ਮਿਕਦਾਰ ਵਿੱਚ ਪਾਣੀ ਪੀਓ।

**ਹੋਮਿਓਪੈਥਿਕ ਇਲਾਜ:**

ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਤਕਲੀਫ਼ ਤੋਂ ਰਾਹਤ ਪਾਉਣ ਵਾਸਤੇ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਹਰ ਇੱਕ ਕੇਸ ਦੀ ਡੂੰਘਾਈ ਅਤੇ ਵਿਲੱਖਣਤਾ ਨੂੰ ਗਹੁ ਨਾਲ ਵੇਖ ਕੇ ਹੀ ਢੁਕਵੀਂ ਦਵਾਈ ਦੀ ਚੋਣ ਕੀਤੀ ਜਾ ਸਕਦੀ ਹੈ। ਸਾਡੀ ਹੋਮਿਓਪੈਥਿਕ ਕਲੀਨਿਕ ਵਿੱਚ ਪੀੜਤ ਵਿਅਕਤੀ ਦੀ ਕੇਸ ਹਿਸਟਰੀ ਵਿਸਥਾਰ ਪੂਰਵਕ ਲੈਣ ਦੇ ਨਾਲ-ਨਾਲ ਉਸ ਦੇ ਲਾਈਫ਼ ਸਟਾਈਲ, ਸੁਭਾਅ ਅਤੇ ਕੰਮ-ਕਾਜ ਦੇ ਤੌਰ ਤਰੀਕਿਆਂ ਦੇ ਨਾਲ-ਨਾਲ ਜੇ ਹੋਰ ਬਿਮਾਰੀਆਂ ਵੀ ਸਰੀਰ ਵਿੱਚ ਹੋਣ ਤਾਂ ਸਾਰੀਆਂ ਗੱਲਾਂ ਨੂੰ ਸਮਝ ਕੇ ਦਵਾਈ ਦੇ ਨਤੀਜੇ 'ਤੇ ਪਹੁੰਚਿਆ ਜਾਂਦਾ ਹੈ ਜਿਸ ਨਾਲ ਨਾ ਸਿਰਫ਼ ਮਰੀਜ਼ ਦੀ ਬਵਾਸੀਰ ਦੀ ਤਕਲੀਫ਼ ਵਿੱਚ ਰਾਹਤ ਮਿਲਦੀ ਹੈ, ਸਗੋਂ ਉਹ ਸਾਰੇ ਮੁੱਦੇ ਜੋ ਇਸ ਨਾਲ ਜੁੜੇ ਹੁੰਦੇ ਹਨ ਵੀ ਠੀਕ ਹੁੰਦੇ ਹਨ।ਬਵਾਸੀਰ ਦੇ ਆਮ ਲੱਛਣ ਅਤੇ ਉਨ੍ਹਾਂ ਦੇ ਇਲਾਜ ਲਈ ਕੁਝ ਦਵਾਈਆਂ ਦੀਆਂ ਉਦਾਹਰਣਾਂ ਹੇਠ ਲਿਖੀਆਂ ਹਨ। ਇੱਥੇ ਇਹ ਦੱਸਣਯੋਗ ਹੈ ਕਿ ਇਨ੍ਹਾਂ ਦਵਾਈਆਂ ਨੂੰ ਕਿਸੇ ਮਾਹਰ ਹੋਮਿਓਪੈਥ ਦੀ ਸਲਾਹ ਨਾਲ ਹੀ ਲੈਣਾ ਚਾਹੀਦਾ ਹੈ।

- ਬਵਾਸੀਰ ਦੇ ਮਹੁਕੇ ਬਾਹਰ ਨਿਕਲ ਆਉਣ ਅਤੇ ਠੰਢੇ ਪਾਣੀ ਨਾਲ ਧੋਣ ਨਾਲ ਆਰਾਮ ਆਵੇ - ਐਲੋਜ਼
- ਬਵਾਸੀਰ ਦੇ ਮਹੁਕਿਆਂ ਨੂੰ ਗਰਮ ਪਾਣੀ ਨਾਲ ਧੋਣ 'ਤੇ ਆਰਾਮ ਆਵੇ - ਮਿਊਰੈਟਿਕ ਐਸਿਡ
- ਬਵਾਸੀਰ ਦੇ ਮਹੁਕੇ ਸੂਲਾਂ ਵਾਂਗ ਚੁੱਭਣ - ਐਸਿਡ ਨਾਈਟ੍ਰਿਕ
- ਬਵਾਸੀਰ ਦੇ ਮਹੁਕੇ ਘੁੱਟੇ ਜਾਣ - ਐਲੋਜ਼, ਲੈਕੇਸਿਸ
- ਸ਼ਰਾਬੀਆਂ ਦੀ ਬਵਾਸੀਰ - ਨਕਸ
- ਬੱਚਿਆਂ ਦੀ ਬਵਾਸੀਰ - ਮਿਊਰੈਟਿਕ ਐਸਿਡ
- ਗੁਦਾ ਵਿੱਚ ਸੋਜ ਜਾਂ ਚੀਰ ਪੈਣੇ - ਗ੍ਰੇਫ਼ਾਇਟਸ

ਇਸ ਲੇਖ ਦੇ ਲੇਖਕ ਵੱਲੋਂ ਹਰ ਤਰ੍ਹਾਂ ਦੀ ਸਰੀਰਕ ਬਿਮਾਰੀ ਜਿਵੇਂ ਸਟ੍ਰੈਸ, ਡਿਪਰੈਸ਼ਨ, ਐਂਗਜ਼ਾਇਟੀ, ਮਾਈਗ੍ਰੇਨ, ਐਕਜ਼ੀਮਾ, ਸੋਰਾਇਸਿਸ, ਆਰਥਰਾਇਟਿਸ, ਭੁੱਖ ਸੰਬੰਧੀ ਸਮੱਸਿਆਵਾਂ, ਮਾਹਵਾਰੀ ਵਿਗਾੜਾਂ, ਬੱਚਿਆਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ, ਗੁਪਤ ਰੋਗਾਂ ਅਤੇ ਹਰ ਪ੍ਰਕਾਰ ਦੇ ਨਸ਼ਿਆਂ ਦਾ ਇਲਾਜ ਹੋਮਿਓਪੈਥਿਕ ਦਵਾਈਆਂ ਰਾਹੀਂ ਕੀਤਾ ਜਾਂਦਾ ਹੈ। ਪੂਰੇ ਨੌਰਥ ਅਮਰੀਕਾ ਵਿੱਚ ਡਾਕ ਰਾਹੀਂ ਦਵਾਈਆਂ ਭੇਜੀਆਂ ਜਾਂਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC

Ph: 604-327-3132

FAX: 604-327-0335

## "ਸੌ ਗੰਢੇ ਵੀ ਖਾਧੇ ਤੇ ਸੌ ਛਿੱਤਰ ਵੀ"

# ਗਦਰੀ ਬਾਬਿਆਂ ਦੇ ਵਾਰਸਾਂ ਦੇ ਰੋਹ ਕਾਰਨ ਸਰੀ ਵਿਚਲਾ ਭਾਰਤੀ ਹਾਈ ਕਮਿਸ਼ਨ ਦਾ ਪ੍ਰੋਗਰਾਮ ਕੈਂਸਲ ਹੋਇਆ





ਕੈਨੇਡਾ ਦੀ ਪਵਿੱਤਰ ਧਰਤੀ ਗਦਰੀ ਬਾਬਿਆਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ ਇਸ ਧਰਤੀ ਤੋਂ ਸਿੱਖਾਂ ਦੇ ਕਾਤਲਾਂ, ਮੁਜਰਮਾ ਅਤੇ ਭਾਰਤੀ ਦਲਾਲਾਂ ਦਾ ਸੁੱਕੇ ਜਾਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ।ਖ਼ਾਲਸਾ ਹਮੇਸ਼ਾਂ ਹੀ ਜਬਰ ਜੁਲਮ ਦੇ ਵਿਰੁੱਧ ਜੂਝਦਾ ਆਇਆ ਹੈ ਬੇਸ਼ੱਕ ਜਾਬਰ ਹਕੂਮਤਾਂ ਅਤੇ ਉਨ੍ਹਾਂ ਦੇ ਪਿੱਠੂ ਇਕਮੁੱਠ ਹੋ ਕੇ ਖਾਲਸਾਈ ਸੰਘਰਸ਼ ਨੂੰ 'ਅੱਤਵਾਦ ਕਹਿ ਕੇ ਚੀਕਾਂ ਮਾਰਦੇ ਰਹਿਣ ਪਰ ਭਾਈ ਅੰਮ੍ਰਿਤਪਾਲ ਸਿੰਘ ਵਰਗਾ ਗੁਰੂ ਦਾ ਸਿੱਖ ਹਰ ਤਰ੍ਹਾਂ ਦੇ ਅੱਤਵਾਦ ਵਿਰੁੱਧ ਜੂਝਦਾ ਹੈ ਭਾਵੇਂ ਉਹ ਸਮੇਂ ਦੀ ਹਕੂਮਤ ਦਾ 'ਅੱਤਵਾਦ ਕਿਉਂ ਨਾ ਹੋਵੇ। ਜਿਸ ਕਾਰਨ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਗੈਰ ਕਾਨੂੰਨੀ ਢੰਗ ਨਾਲ ਪੰਜਾਬ ਵਿਚ ਕੀਤੀਆਂ ਜਾ ਰਹੀਆਂ ਗ੍ਰਿਫ਼ਤਾਰੀਆਂ ਅਤੇ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਾ ਕਰਨ ਦੇ ਵਿਰੋਧ ਵਿਚ ਦੇਸ਼ਾਂ-ਵਿਦੇਸ਼ਾਂ ਵਿਚ ਵਸਦੇ ਸਿੱਖ ਨੌਜਵਾਨਾਂ ਦੇ ਮਨਾਂ ਅੰਦਰ ਭਾਰਤੀ ਹਕੂਮਤ ਅਤੇ ਉਹਨਾਂ ਦੇ ਕਰਿੰਦਿਆਂ ਪ੍ਰਤੀ ਭਾਰੀ ਰੋਹ ਅਤੇ ਗੁੱਸਾ ਹੈ, ਭਾਰਤ ਵਿਚ ਸਿੱਖਾਂ ਲਈ ਹੋਰ ਅਤੇ ਹਿੰਦੂਤਵੀਆਂ ਲਈ ਵੱਖਰਾ ਕਾਨੂੰਨ ਹੈ, ਅੱਜ ਭਾਰਤੀ ਕਨੂੰਨ ਹਿੰਦੂਤਵੀਆਂ ਦੇ ਪੈਰਾਂ ਵਿਚ ਰੁਲ ਰਿਹਾ ਹੈ, ਭਾਰਤੀ ਹਕੂਮਤ ਵੱਲੋਂ ਪੰਜਾਬ ਨੂੰ ਗੁਲਾਮ ਬਣਾਉਣ, ਮਨੁੱਖੀ ਹੱਕਾਂ ਦਾ ਘਾਣ ਅਤੇ ਸਿੱਖਾਂ ਵਿੱਚ ਦਹਿਸ਼ਤ ਪਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਪਤਿਤ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਅਤੇ ਨਸ਼ੇ ਦੀ ਗ੍ਰਿਫ਼ਤ ਵਿਚ ਫਸੇ ਨੌਜਵਾਨਾਂ ਨੂੰ ਪਰੇਰ ਕੇ ਸਿੱਖੀ ਵੱਲ ਲਈ ਤੋਰਨਾ ਹੀ ਸਰਕਾਰ ਲਈ ਗੁਣਾਹ ਬਣ ਗਿਆ ਹੈ। ਅੱਜ ਸਾਨੂੰ ਆਪਸੀ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਸਾਥੀਆਂ ਦੀ ਗ੍ਰਿਫਤਾਰੀ ਵਿਰੁੱਧ ਇਕ ਮੁੱਠ ਹੋ ਕੇ ਵੱਡੇ ਪੱਧਰ ਤੇ ਅਵਾਜ਼ ਬੁਲੰਦ ਕਰਨ ਦੀ ਲੋੜ ਹੈ। ਅੱਜ ਜਿਵੇ ਹੀ ਸਰੀ ਦੀ "ਪਾਰਕ ਕਨਵੈਨਸ਼ਨ ਸੈਂਟਰ" ਵਿਖੇ ਔਟਵਾ ਤੋਂ ਆ ਰਹੇ ਭਾਰਤੀ ਹਾਈ ਕਮਿਸ਼ਨ ਦੀ ਇਕ ਦਿਨ ਪਹਿਲਾਂ ਖਬਰ ਮਿਲਣ ਤੇ ਵੱਡੀ ਗਿਣਤੀ ਵਿਚ ਸਿੱਖ ਨੌਜਵਾਨਾਂ ਨੇ ਸ਼ਾਂਤਮਈ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ, ਜਿਸ ਪ੍ਰੋਗਰਾਮ ਵਿਚ ਨੌਜਵਾਨਾਂ, ਬੱਚਿਆਂ ਅਤੇ ਨੌਜਵਾਨ ਬੱਚੀਆਂ ਨੇ ਵੱਧ ਚੜ ਕੇ ਹਿੱਸਾ ਲਿਆ,ਹਰ ਨੌਜਵਾਨ ਬੱਚਿਆਂ ਅਤੇ ਬੱਚੀਆਂ ਦੀਆਂ ਅੱਖਾਂ ਵਿਚ ਜੋਸ਼ ਅਤੇ ਭਾਰਤੀ ਹਕੂਮਤ ਵਿਰੁੱਧ ਗੁੱਸਾ ਸਾਫ਼ ਝਲਕਦਾ ਦਿਖਾਈ ਦੇ ਰਿਹਾ ਸੀ।ਉੱਥੇ ਸਿੱਖ ਆਗੂਆਂ ਦੀਆਂ ਬੀਰ ਰਸ ਤਕਦੀਰਾਂ ਨੇ ਨੌਜਵਾਨਾਂ ਵਿੱਚ ਇੰਨਾ ਜੋਸ਼ ਅਤੇ ਰੋਹ ਭਰ ਦਿੱਤਾ ਕਿ ਭਾਰਤੀ ਹਾਈ ਕਮਿਸ਼ਨ ਦੀ ਪ੍ਰਹੁਣਚਾਰੀ ਕਰਨ ਵਾਲਿਆਂ ਨੂੰ ਸਿੱਖ ਨੌਜਵਾਨਾਂ ਦੇ ਰੋਹ ਅੱਗੇ ਝੁਕ ਕੇ ਸਾਰਾ ਪ੍ਰੋਗਰਾਮ ਰੱਦ ਕਰਨਾ ਪਿਆ ਅਤੇ ਨੌਜਵਾਨਾ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ, ਜਿਸ ਕਾਰਨ ਓਹਨਾਂ ਲੋਕਾਂ ਤੇ ਇਹ ਕਹਾਵਤ ਪੂਰੀ ਫਿੱਟ ਬੈਠਦੀ ਹੈ ਕੇ "ਸੌਂ ਗੰਡੇ ਵੀ ਖਾਧੇ ਤੇ ਸੌ ਛਿੱਤਰ ਵੀ" ਮਤਲਬ ਉਨ੍ਹਾਂ ਨੂੰ ਆਪਣਾ ਪ੍ਰੋਗਰਾਮ ਵੀ ਰੋਕਣਾ ਪਿਆ ਅਤੇ ਨੌਜਵਾਨਾਂ ਦੇ ਜਬਰਦਸਤ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਪੰਥ ਦਰਦੀ ਸਿੱਖਾਂ ਨੇ ਸਟੇਜ ਤੋਂ ਐਲਾਨ ਕੀਤਾ ਕਿ ਜਦੋਂ ਵੀ ਕੋਈ ਭਾਰਤੀ ਸਰਕਾਰੀ ਅਹੁਦੇਦਾਰ ਜਾਂ ਭਾਰਤੀ ਹਾਈ ਕਮਿਸ਼ਨ ਦਾ ਕਰਿੰਦਾ ਆਉਂਦਾ ਹੈ ਤਾਂ ਉਸ ਦਾ ਸ਼ਾਂਤਮਈ ਤਰੀਕੇ ਨਾਲ ਡੱਟ ਕੇ ਵਿਰੋਧ ਕੀਤਾ ਜਾਵੇਗਾ।ਭਾਈ ਹਰਦੀਪ ਸਿੰਘ ਨਿੱਝਰ ਨੇ ਉਹਨਾਂ ਰਾਸ਼ਟਰੀ ਸਿੱਖਾਂ ਨੂੰ ਕਿਹਾ ਜਿਹੜੇ ਭਾਰਤੀ ਹਾਈ ਕਮਿਸ਼ਨ ਦੀ ਪਰੁਹਣਚਾਰੀ ਕਰਕੇ ਆਪਣੀ ਹੀ ਕੌਮ ਦੇ ਉਲਟ ਭੁਗਤ ਕੇ ਸਿੱਖਾਂ ਦੇ ਜ਼ਖਮਾਂ ਤੇ ਲੂਣ ਛਿੜਕ ਰਹੇ ਹਨ ਕਿ ਸਾਨੂੰ ਗੁਰੂ ਸਾਹਿਬ ਦਾ ਹੁਕਮ ਹੈ ਕਿ ਅਸੀਂ ਜ਼ਾਲਮ ਦੇ ਵਿਰੁੱਧ ਅਤੇ ਮਜ਼ਲੂਮ ਦੇ ਹੱਕ ਵਿੱਚ ਭੁਗਤਣਾ ਹੈ, ਪਰ ਉਹ ਜਾਲਮ ਭਾਰਤੀ ਹਕੂਮਤ ਦੇ ਹੱਕ ਵਿਚ ਭੁਗਤਕੇ ਸਿੱਖਾਂ ਨੂੰ ਜ਼ਲੀਲ ਕਰਨ ਤੋਂ ਬਾਜ ਆਉਣ। ਉਨਾਂ ਕਿਹਾ ਕੇ ਜਿਵੇਂ ਕੋਈ ਰਾਜਾ ਰੱਖਿਅਕ ਤੌਂ ਭਖਿਅਕ ਬਣ ਜਾਵੇ, ਔਰੰਗਜੇਬ ਅਤੇ ਇੰਦਰਾ ਦਾ ਵਾਰਸ ਬਣ ਕੇ ਸਿੱਖਾਂ ਤੇ ਜਬਰ ਜ਼ੁਲਮ ਕਰਕੇ ਤਪਦੀ ਭੱਠੀ ਬਣਨ ਦੀ ਕਿਸਿਸ਼ ਕਰੇ ਫਿਰ ਉਸ ਜ਼ੁਲਮ ਦੀ ਤਪਦੀ ਭੱਠੀ ਨੂੰ ਠੰਡਾ ਕਰਨ ਲਈ ਖਾਲਸਾ ਪੰਥ ਲਹਿਰ ਦੇ ਰੂਪ ਵਿਚ ਅੱਗੇ ਵਧਦਾ ਹੈ ਅਤੇ ਵਧਦਾ ਰਹੇਗਾ।

**-ਹਰਦੀਪ ਸਿੰਘ ਨਿੱਝਰ (ਮੁੱਖ ਸੇਵਾਦਾਰ ਗੁਰੂ ਨਾਨਕ ਸਿੱਖ ਗੁਰਦਵਾਰਾ)**

# ਪੁਲਿਸ ਨੇ ਮੁਹਾਲੀ ਦਾ ਧਰਨਾ ਚੁਕਵਾਇਆ

ਮੁਹਾਲੀ:ਇੱਥੇ ਏਅਰਪੋਰਟ ਰੋਡ 'ਤੇ ਸੋਹਾਣਾ ਗੁਰਦੁਆਰਾ ਸਾਹਿਬ ਦੇ ਅੱਗੇ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ ਜਿਹੜਾ ਧਰਨਾ ਲਾਇਆ ਹੋਇਆ ਸੀ, ਉਹ ਪੁਲਸ ਨੇ ਚੁਕਵਾ ਦਿੱਤਾ ਹੈ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਲੋਕਾਂ, ਖਾਸਕਰ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਆਉਣ ਵਾਲੀ ਸੰਗਤ ਨੂੰ ਦਰਪੇਸ਼ ਸਮੱਸਿਆਵਾਂ ਦੇ ਮੱਦੇਨਜ਼ਰ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਬਾਹਰੋਂ ਧਰਨਾ ਚੁਕਾ ਦਿੱਤਾ ਗਿਆ ਹੈ।ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਧਰਨੇ ਕਾਰਨ ਧਰਨਾਕਾਰੀਆਂ ਦਾ ਸੰਗਤ ਅਤੇ ਲੋਕਾਂ ਨਾਲ ਟਕਰਾਅ ਪੈਦਾ ਹੋਣ ਲੱਗ ਪਿਆ ਸੀ।ਪੰਚਾਇਤਾਂ ਅਤੇ ਸ਼ਹਿਰ ਦੇ ਅਨੇਕਾਂ ਲੋਕਾਂ ਨੇ ਇਸ ਸਮੱਸਿਆ ਦੇ ਹੱਲ ਲਈ ਬੇਨਤੀ ਕੀਤੀ ਸੀ।ਸੰਭਾਵੀ ਟਕਰਾਅ ਨੂੰ ਰੋਕਣ ਲਈ ਇਹ ਧਰਨਾ ਚੁਕਾਇਆ ਗਿਆ ਹੈ। ਸ਼ਾਂਤੀ ਭੰਗ ਕਰਨ ਦੀ ਕਿਸੇ ਨੂੰ ਵੀ ਆਗਿਆ ਨਹੀਂ ਦਿੱਤੀ ਜਾਵੇਗੀ।ਐੱਸ ਐੱਸ ਪੀ ਡਾ. ਸੰਦੀਪ ਗਰਗ ਨੇ ਕਿਹਾ ਕਿ ਧਰਨਾਕਾਰੀਆਂ ਵੱਲੋਂ ਸੰਗਤ ਅਤੇ ਪੰਚਾਇਤਾਂ ਦੇ ਮੈਂਬਰਾਂ ਨਾਲ ਧੱਕਾ-ਮੁੱਕੀ ਕਰਨ ਦੀਆਂ ਸ਼ਿਕਾਇਤਾਂ ਮਿਲੀਆਂ ਸਨ।ਸ਼ਾਂਤੀ ਬਹਾਲੀ ਲਈ ਧਰਨੇ ਨੂੰ ਚੁਕਾਇਆ ਗਿਆ ਹੈ।


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਦੁਰਕਾਰੀ ਹੋਈ ਮਾਂ

ਮੇਰੀ ਮਮਤਾ ਦੀ ਬਣਦੀ ਕੀਮਤ,
ਹੋ ਸਕੇ ਤਾਂ ਚੁਕਾ ਦੇਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ,
ਸੂਚੀ ਦਿਲੋਂ ਭੁਲਾ ਦੇਈਂ ਪੁੱਤਰਾ।
ਔਰਤ ਤੋਂ ਮਮਤਾ ਦਾ ਪੈਂਡਾ,
ਕਿੰਨਾ ਟੇਢਾ 'ਤੇ ਕਿੰਨਾ ਮੇਢਾ,
ਝੱਲਣਾ ਪੈਂਦਾ ਕਈ ਕਿਸਮ ਦਾ,
ਹਰ ਇੱਕ ਧੱਕਾ ਹਰ ਇੱਕ ਠੇਡਾ।
ਕਿੰਨੇ ਮਿਹਣੇ ਤਾਹਨੇ ਝੱਲੇ,
ਮੈਥੋਂ ਕਦੀ ਗਿਣਵਾ ਲਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ,
ਸੂਚੀ ਦਿਲੋਂ ਭੁਲਾ ਦੇਈਂ ਪੁੱਤਰਾ।
ਮੇਰੀ ਮਮਤਾ ਦੀ ਬਣਦੀ ਕੀਮਤ,
ਹੋ ਸਕੇ ਤਾਂ ਚੁਕਾ ਦੇਈਂ ਪੁੱਤਰਾ।
ਤੇਰੇ ਘਰ ਵੀ ਇਹੀ ਸਾਕਾ,
ਮੁੜ ਕੇ ਫੇਰ ਜੇ ਵਾਪਰਨ ਲੱਗੇ,
ਦੁੱਖ ਤੈਨੂੰ ਜੇ ਲੱਗੇ ਡਾਢਾ,
ਵਿਰਲਾਪ ਦਾ ਹੌਕਾ ਆਵਣ ਲੱਗੇ।
ਜਦੋਂ ਤੂੰ ਵੀ ਮੇਰੀ ਤਰ੍ਹਾਂ ਰੁਲ਼ਿਆ,
ਪਛਤਾਵੇ ਨੂੰ ਗਲ਼ ਲਾ ਲਈਂ ਪੁੱਤਰਾ,
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ,
ਸੂਚੀ ਦਿਲੋਂ ਭੁਲਾ ਦੇਈਂ ਪੁੱਤਰਾ,
ਮੇਰੀ ਮਮਤਾ ਦੀ ਬਣਦੀ ਕੀਮਤ,
ਹੋ ਸਕੇ ਤਾਂ ਚੁਕਾ ਦੇਈਂ ਪੁੱਤਰਾ।
ਕਦੀ ਦਾਦੇ ਤੇ ਕਦੀ ਪੋਤੇ ਦੀਆਂ,
ਹੁੰਦੀਆਂ ਆਈਆਂ ਇਸ ਦੁਨੀਆਂ ਤੇ,
ਤੇਰੇ ਪੁੱਤਰ ਤੇਰੀ ਸੁਆਣੀ ਨੂੰ,
ਜਦ ਸੁੱਟਣ ਆਏ ਇਸੇ ਹੀ ਦਰ ਤੇ।
ਆਸ਼ਰਮ ਦੀ ਇਸ ਧਰਤੀ ਨੂੰ,
ਹੋ ਸਕੇ ਤਾਂ ਸੀਸ ਝੁਕਾ ਲਈਂ ਪੁੱਤਰਾ,
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ,
ਸੂਚੀ ਦਿਲੋਂ ਭੁਲਾ ਦੇਈਂ ਪੁੱਤਰਾ,
ਮੇਰੀ ਮਮਤਾ ਦੀ ਬਣਦੀ ਕੀਮਤ,
ਹੋ ਸਕੇ ਤਾਂ ਚੁਕਾ ਦੇਈਂ ਪੁੱਤਰਾ।
ਨਹੀਂ 'ਤੇ ਮੇਰੀਆਂ ਖ਼ਾਮੀਆਂ ਦੀ,
ਸੂਚੀ ਦਿਲੋਂ ਭੁਲਾ ਦੇਈਂ ਪੁੱਤਰਾ।

-ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ
ਟੈਲੀਫੋਨ: 07748772308

### ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਿਰ ਝੁਕਾਉਂਦਿਆਂ

## ਉਹ ਕਲਮ ਕਿੱਥੇ ਹੈ ਜਨਾਬ

ਉਹ ਕਲਮ ਕਿੱਥੇ ਹੈ ਜਨਾਬ,
ਜਿਸ ਨਾਲ ਸੂਰਮਿਆਂ ਨੇ
ਪਹਿਲੀ ਵਾਰ,
ਇਨਕਲਾਬ ਜ਼ਿੰਦਾਬਾਦ
ਲਿਖਿਆ ਸੀ ।
ਸ਼ਬਦ ਅੰਗਿਆਰ ਬਣੇ,
ਜ਼ਾਲਮ ਦੀਆਂ ਨਜ਼ਰਾਂ 'ਚ
ਮਾਰੂ ਹਥਿਆਰ ਬਣੇ ।
ਬੇਕਸਾਂ ਦੇ ਯਾਰ ਬਣੇ ।
ਨੌਜਵਾਨ ਮੱਥਿਆਂ 'ਚ,
ਸਦੀਵ ਲਲਕਾਰ ਬਣੇ ।
ਉਹ ਜਾਣਦਾ ਸੀ,
ਕਿ ਪਸ਼ੂ ਜਿਵੇਂ
ਰੱਤੇ ਕੱਪੜੇ ਤੋਂ ਡਰਦਾ ਹੈ ।
ਹਨ੍ਹੇਰਾ ਟਟਹਿਣਿਓਂ,
ਹਾਕਮ ਵੀ
ਸ਼ਾਸਤਰ ਤੋਂ ਘਬਰਾਉਂਦਾ ਹੈ ।
ਸ਼ਸਤਰ ਨੂੰ ਉਹ ਕੀ ਸਮਝਦਾ ਹੈ?
ਸ਼ਸਤਰ ਦੇ ਓਹਲੇ 'ਚ ਤਾਂ,
ਲੁੱਟਣਾ ਕੁੱਟਣਾ ਦੋਵੇਂ ਕੰਮ ਆਸਾਨ ।
ਆਪੇ ਬਣੇ ਮਹਾਨ ।
ਕਲਮ ਨੂੰ ਕਲਮ ਕਰਨਾ ਮੁਹਾਲ,
ਪੁੰਗਰਦੀ ਹੈ ਬਾਰ ਬਾਰ ।
ਕਰੂੰਬਲਾਂ ਤੋਂ ਟਾਹਣੀਆਂ ਫਿਰ ਕਲਮਾਂ
ਅਖੰਡ ਪ੍ਰਵਾਹ ਸ਼ਬਦ-ਸਿਰਜਣਾ ਦਾ ।
ਕਿੱਥੇ ਹੈ ਉਹ ਵਰਕਾ,
ਜਿਸ ਤੇ ਬਾਪ ਕਿਸ਼ਨ ਸਿੰਘ ਦੇ ਤਾਬਿਆਦਾਰ
ਪੁੱਤਰ ਨੇ
ਲਿਖ ਘੱਲਿਆ ਸੀ ।
ਮੇਰੀ ਜਾਨ ਲਈ,
ਲਾਟ ਸਾਹਿਬ ਨੂੰ ਕੋਈ,
ਅਰਜ਼ੀ ਪੱਤਾ ਨਾ ਪਾਵੀਂ ਬਾਪੂ ।
ਮੈਂ ਆਪਣੀ ਗੱਲ ਆਪ ਕਰਾਂਗਾ ।
ਜਿਸ ਮਾਰਗ ਤੇ ਤੁਰਿਆਂ
ਆਪਣੀ ਹੋਣੀ ਆਪ ਵਰਾਂਗਾ ।
ਵਕਾਲਤ ਜ਼ਲਾਲਤ ਹੈ
ਝੁਕ ਗੋਰੇ ਦਰਬਾਰ ।
ਝੁਕੀਂ ਨਾ ਬਾਬਲਾ,
ਟੁੱਟ ਜਾਵੀਂ, ਪਰ ਲਿਫ਼ੀਂ ਨਾ ਕਦੇ ।
ਕਿੱਥੇ ਹੈ ਉਹ ਕਿਤਾਬ ।
ਜਿਸ ਦਾ ਪੰਨਾ ਮੋੜ ਕੇ,
ਇਨਕਲਾਬੀ ਨਾਲ ਰਿਸ਼ਤਾ ਜੋੜ ਕੇ,
ਸੂਰਮੇ ਨੇ ਕਿਹਾ ਸੀ ।
ਬਾਕੀ ਇਬਾਰਤ,
ਮੁੜ ਮੁੜ ਉਦੋਂ ਤੀਕ ਪੜ੍ਹਦਾ ਰਹਾਂਗਾ ।
ਜਦ ਤੀਕ ਨਹੀਂ ਮੁੱਕਦੀ,
ਗੁਰਬਤ ਤੇ ਜ਼ਹਾਲਤ ।
ਮੈਂ ਬਾਰ ਬਾਰ ਜੰਮ ਕੇ
ਕਰਦਾ ਰਹਾਂਗਾ ਚਿੜੀਆਂ ਦੀ ਵਕਾਲਤ ।
ਮਾਸ ਨੋਚਦੇ ਬਾਜ਼ਾਂ ਦੇ ਖ਼ਿਲਾਫ਼,
ਲੜਦਾ ਰਹਾਂਗਾ ।
ਯੁੱਧ ਕਰਦਾ ਰਹਾਂਗਾ ।
ਕਿੱਥੇ ਹੈ ਉਹ ਦਸਤਾਰ?
ਜਿਸ ਨੂੰ ਸਾਂਭਣ ਲਈ ਚਾਚੇ ਅਜੀਤ ਸਿੰਘ ਨੇ
ਬਾਰਾਂ ਬੇਲਿਆਂ ਨੂੰ ਜਗਾਇਆ ਸੀ ।
ਜਾਬਰ ਹਕੂਮਤਾਂ ਨੂੰ ਲਿਖ ਕੇ ਸੁਣਾਇਆ ਸੀ ।
ਧਰਤੀ ਹਲਵਾਹਕ ਦੀ ਮਾਂ ਹੈ ।
ਹੁਣ ਸਾਨੂੰ ਸੂਰਮੇ ਦਾ
ਪਿਸਤੌਲ ਸੌਂਪ ਕੇ ਕਹਿੰਦੇ ਹੋ,
ਤਾੜੀਆਂ ਵਜਾਓ ਖ਼ੁਸ਼ ਹੋਵੋ ।
ਮੋੜ ਦਿੱਤਾ ਹੈ ਅਸਾਂ ਸ਼ਸਤਰ ।
ਪਰ ਅਸੀਂ ਇੰਜ ਨਹੀਂ ਪਰਚਦੇ ।
ਸੂਰਮੇ ਦੀ ਉਹ ਕਲਮ ਤਾਂ ਪਰਤਾਓ ।
ਉਹ ਵਰਕਾ ਤਾਂ ਵਿਖਾਓ !
ਜਿਸ ਤੇ ਅੰਕਿਤ ਹੈ ਸੂਹੀ ਲਾਟ ਵਾਲਾ
ਮੁਕਤੀ ਮਾਰਗ ਦਾ ਨਕਸ਼ਾ ।
ਜਗਦੇ ਜਾਗਦੇ ਮੱਥੇ ਕੋਲ,
ਪਿਸਤੌਲ ਬਹੁਤ ਮਗਰੋਂ ਆਉਂਦਾ ਹੈ ।
ਦੀਨਾ ਕਾਂਗੜ ਤੋਂ ਜ਼ਫ਼ਰਨਾਮਾ ਬੋਲਦਾ ਹੈ!
'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।'
ਹਾਰਦੇ ਜਦ ਸਭ ਉਪਾਅ ।
ਠੀਕ ਹਥਿਆਰਾਂ ਦਾ ਰਾਹ ।
ਪਰ ਸੂਰਮੇ ਨੇ ਹਰ ਇਬਾਰਤ,
ਕਲਮ ਨਾਲ ਲਿਖੀ ।
ਤੁਸੀਂ ਓਹੀ ਵਰਕਾ ਚੁੱਕੀ ਫਿਰਦੇ ਹੋ,
ਜੋ ਤੁਹਾਨੂੰ ਪੁੱਗਦਾ ਹੈ ।
ਮੁਕਤੀਆਂ ਦਾ ਸੂਰਜ ਤਾਂ,
ਗਿਆਨ ਭੂਮੀ
ਸਿੰਜ ਕੇ,
ਆਪਣਾ ਆਪਾ
ਪਿੰਜ ਕੇ,
ਮੱਥਿਆਂ 'ਚੋਂ
ਚੜ੍ਹਦਾ ਹੈ ।
ਹੱਕ ਇਨਸਾਫ਼
ਲਈ,
ਰਾਤ ਦਿਨ ਲੜਦਾ
ਹੈ



ਗੁਰਭਜਨ ਸਿੰਘ ਗਿੱਲ

## ਮਾਂ ਬੋਲੀ

ਡਾ. ਦੇਵਿੰਦਰ ਸੈਫ਼ੀ

ਮਾਂ ਬੋਲੀ ਬਿਨਾਂ ਕੌਣ ਲੋਰੀਆਂ ਸੁਣਾਵੇਗਾ
ਕੌਣ ਸਾਡੇ ਦਿਲਾਂ ਵਾਲੇ ਵਿਹੜੇ ਰੁਸ਼ਨਾਵੇਗਾ
ਗ਼ਮਾਂ ਦੁੱਖਾਂ ਹਉਕਿਆਂ ਦੇ ਸਾਗਰ ਸੰਭਾਲ ਕੇ
ਖ਼ੁਸ਼ੀਆਂ ਤੇ ਚਾਅਵਾਂ ਵਾਲੇ ਦੀਵੇ ਬੂਹੇ ਬਾਲ ਕੇ
ਵਾਰਾਂ ਕਿੱਸੇ ਘੋੜੀਆਂ ਸੁਹਾਗ ਕੌਣ ਗਾਵੇਗਾ
ਮਾਂ ਬੋਲੀ ਬਿਨਾਂ...
ਤਲੀ 'ਤੇ ਟਿਕਾ ਕੇ ਜਿੰਦ ਪ੍ਰੀਤ ਕਿੰਝ ਪਾਈਦੀ
ਸਿਦਕਾਂ ਤੇ ਸਿਰਾਂ ਨਾਲ ਕਿਵੇਂ ਹੈ ਨਿਭਾਈਦੀ
ਰਮਜ਼ਾਂ ਕਹਾਵਤਾਂ ਨੂੰ ਕੌਣ ਸਮਝਾਵੇਗਾ
ਮਾਂ ਬੋਲੀ ਬਿਨਾਂ...
ਜਾਬਰਾਂ ਦੀ ਅੱਖ ਵਿਚ ਅੱਖ ਕਿਵੇਂ ਪਾਈਦੀ
ਕੰਡਿਆਂ 'ਤੇ ਤੁਰ ਕਿਵੇਂ ਪੈੜ ਰੁਸ਼ਨਾਈਦੀ
ਬਾਣੀ ਵਾਲੀ ਗੂੰਜ ਕੌਣ ਰੂਹਾਂ 'ਚ ਟਿਕਾਵੇਗਾ
ਮਾਂ ਬੋਲੀ ਬਿਨਾਂ...
ਕਿਹੜੇ ਵੇਲੇ ਸੋਗ ਕਦੋਂ ਸ਼ਗਨ ਮਨਾਉਣੇ ਨੇ
ਕਿਵੇਂ ਜਾ ਵਡੇਰਿਆਂ ਦੇ ਪੈਰੀਂ ਹੱਥ ਲਾਉਣੇ ਨੇ
ਕੌਣ ਉੱਚੀ ਸੁੱਚੀ ਤਹਿਜ਼ੀਬ ਇਹ ਸਿਖਾਵੇਗਾ
ਮਾਂ ਬੋਲੀ ਬਿਨਾਂ.....
ਬੋਲੀ ਮਾਂ ਪੰਜਾਬੀ ਦਾ ਜੇ ਪਿਆਰ ਭੁੱਲ ਜਾਵਾਂਗੇ
ਗੁੰਮੇ ਹੋਏ ਬਾਲਾਂ ਵਾਂਗੂੰ ਸੈਫ਼ੀ ਰੁਲ ਜਾਵਾਂਗੇ
ਸਾਡਿਆਂ ਘਰਾਂ ਦੀ ਸਾਨੂੰ ਦੱਸ ਕੌਣ ਪਾਏਗਾ
ਮਾਂ ਬੋਲੀ ਬਿਨਾਂ...।




# ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਬਰਜਿੰਦਰ ਸਿੰਘ ਪਰਵਾਨਾ, ਗੁਰਪਾਲ ਸਿੰਘ ਅਲਗੋਂ ਸਮੇਤ ਕਈ ਨੌਜਵਾਨਾਂ ਦੇ ਘਰਾਂ ‘ਚ ਪੁਲਿਸ ਨੇ ਦਿੱਤੀ ਦਸਤਕ, ਭੁਪਿੰਦਰ ਸਿੰਘ ਵੀ ਫਰਾਰ

ਅੰਮ੍ਰਿਤਸਰ: ਪੰਜਾਬ ਭਰ ‘ਚ ਪੰਥ-ਪ੍ਰਸਤ ਤੇ ਗਰਮ-ਖ਼ਿਆਲੀ ਸਿੱਖ ਆਗੂਆਂ ਤੇ ਨੌਜਵਾਨਾਂ ਦੀਆਂ ਧੜਾਧੜ ਗ੍ਰਿਫਤਾਰੀ ਹੋ ਰਹੀਆਂ ਹਨ ਤੇ ਘਰਾਂ ‘ਚ ਛਾਪੇਮਾਰੀਆਂ ਵੀ ਜਾਰੀ ਹਨ। ਕੱਲ੍ਹ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਸਾਥੀਆਂ ਦੀ ਗ੍ਰਿਫਤਾਰੀ ਦੇ ਮਗਰੋਂ ਅੱਜ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਰਿਸ਼ਤੇਦਾਰਾਂ ਦੇ ਘਰ ‘ਚ ਵੀ ਸੀ.ਆਈ.ਏ.ਸੀ.ਆਈ.ਡੀ. ਪੁਲਿਸ ਗਈ ਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਬਾਰੇ ਪੁੱਛ-ਪੜਤਾਲ ਕੀਤੀ ਗਈ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੀ ਰੂਪੋਸ਼ ਹਨ। ਉਹਨਾਂ ਦੇ ਪਰਿਵਾਰ ਪਾਸੋਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੀ ਲੋਕੇਸ਼ਨ ਬਾਰੇ ਵੀ ਪੁੱਛਿਆ ਗਿਆ। ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਦੇ ਨੇੜਲੇ ਸਾਥੀ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਦਾ ਵੀ ਕੱਲ੍ਹ ਤੋਂ ਲਗਾਤਾਰ ਫੋਨ ਬੰਦ ਆ ਰਿਹਾ ਹੈ ਤੇ ਉਹ ਵੀ ਘਰੋਂ ਫਰਾਰ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਈ ਆਗੂ ਤੇ ਵਰਕਰ ਘਰਾਂ ‘ਚ ਨਜ਼ਰਬੰਦ ਤੇ ਕਈ ਗ੍ਰਿਫਤਾਰ ਹੋਣ ਦੀ ਖ਼ਬਰ ਹੈ। ਕੱਥੂਨੰਗਲ-ਮਜੀਠਾ ਦੇ ਆਸ-ਪਾਸ ਦੇ ਪਿੰਡਾਂ ‘ਚ ਵੀ ਛਾਪੇਮਾਰੀਆਂ ਬਾਰੇ ਜਾਣਕਾਰੀ ਸਾਹਮਣੇ ਆਈ ਹੈ। ਭਾਈ ਲਵਪ੍ਰੀਤ ਸਿੰਘ ਕੱਥੂਨੰਗਲ ਨੂੰ ਵੀ ਗ੍ਰਿਫਤਾਰ ਕਰਨ ਵਾਸਤੇ ਪੁਲਿਸ ਉਸ ਦੇ ਪਿੰਡ ਪਹੁੰਚੀ। ਭਾਈ ਗੁਰਪਾਲ ਸਿੰਘ ਅਲਗੋਂ ਕੋਠੀ ਨੂੰ ਪੁਲਿਸ ਨੇ ਘਰ ‘ਚ ਨਜ਼ਰਬੰਦ ਕੀਤਾ ਹੈ। ਭਾਈ ਬਲਜਿੰਦਰ ਸਿੰਘ ਪਰਵਾਨਾ ਦੇ ਘਰ ਵੀ ਪੁਲਿਸ ਫ਼ੋਰਸ ਤਾਈਨਾਤ ਹੈ। ਵਾਰਿਸ ਪੰਜਾਬ ਦੇ ਜਥੇਬੰਦੀ ਦੇ ਕਈ ਆਗੂਆਂ ਤੇ ਸਮਰਥਕਾਂ ਨੂੰ ਵੀ ਘਰਾਂ ‘ਚ ਨਜ਼ਰਬੰਦ ਅਤੇ ਗ੍ਰਿਫਤਾਰ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਨੂੰ ਕੱਲ੍ਹ 2 ਵਜੇ ਗ੍ਰਿਫਤਾਰ ਕਰਨ ਮਗਰੋਂ ਪੁਲਿਸ ਵੱਲੋਂ ਪਹਿਲਾਂ ਸ਼ਾਹਕੋਟ ਥਾਣੇ ਲਿਜਾਇਆ ਗਿਆ ਤੇ ਫਿਰ 1 ਘੰਟੇ ਮਗਰੋਂ ਅੰਮ੍ਰਿਤਪਾਲ ਸਿੰਘ ਨੂੰ ਅਣਦੱਸੀ ਥਾਂ ‘ਤੇ ਲੈ ਗਏ। ਚਰਚਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਜੋ ਪੰਜਾਬ ਤੋਂ ਬਾਹਰ ਅਸਮ ‘ਚ ਡਿਬਰੂਗੜ੍ਹ ਵਿਖੇ ਲੈ ਗਈ ਹੈ ਤੇ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਉੱਤੇ ਨੈਸ਼ਨਲ ਸੁਰੱਖਿਆ ਐਕਟ ਜਾਂ ਯੂਏਪੀਏ ਲਾਈ ਜਾਵੇਗੀ ਤੇ ਸਾਲ ਭਰ ਬਿਨਾਂ ਕੇਸ ਤੋਂ ਜੇਲ੍ਹ ‘ਚ ਰੱਖਿਆ ਜਾ ਸਕਦਾ ਹੈ। ਕੱਲ੍ਹ ਤੋਂ ਲਗਾਤਾਰ ਹੁਣ ਤੱਕ ਮੀਡੀਆ ਚੈੱਨਲਾਂ ‘ਤੇ ਅੰਮ੍ਰਿਤਪਾਲ ਸਿੰਘ ਦੀ ਫਰਾਰੀ ਦੀਆਂ ਖ਼ਬਰਾਂ ਹੀ ਚੱਲ ਰਹੀਆਂ ਹਨ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਪੁਲਿਸ ਮੇਰਾ ਪੁੱਤਰ ਦਾ ਝੂਠਾ ਮੁਕਾਬਲਾ ਵੀ ਬਣਾ ਸਕਦੀ ਹੈ, ਉਸ ਬਾਰੇ ਕੁਝ ਦੱਸਿਆ ਨਹੀਂ ਜਾ ਰਿਹਾ।

# ਭਾਈ ਅੰਮ੍ਰਿਤਪਾਲ ਸਿੰਘ ਖਿਲਾਫ ਪੰਜਾਬ ਸਰਕਾਰ/ਪੁਲਿਸ ਕਾਰਵਾਈ ਦੀ ਦਿੱਲੀ ਦੇ ਸਿੱਖ ਨੇਤਾਵਾਂ ਨੇ ਕੀਤੀ ਨਿਖੇਧੀ


ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਵਾਰਿਸ ਪੰਜਾਬ ਦੀ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਪੰਜਾਬ ਪੁਲਿਸ ਦੀ ਫੜੋਫੜੀ ਵਾਲੀ ਕਾਰਵਾਈ ਨੂੰ ਜਾਗੋ ਪਾਰਟੀ ਨੇ ਗੈਰਜ਼ਰੂਰੀ ਅਤੇ ਗਲਤ ਸਮੇਂ ਦੀ ਕਾਰਵਾਈ ਦਸਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇਸ ਕਾਰਵਾਈ ਨੂੰ ਪੰਜਾਬ ਨੂੰ ਬਦਨਾਮ ਕਰਨ ਨਾਲ ਜੋੜਿਆ ਹੈ। ਜੀਕੇ ਨੇ ਕਿਹਾ ਕਿ ਜਿਸ ਹਿਸਾਬ ਨਾਲ ਪੰਜਾਬ ਵਿਰੋਧੀ ਬਿਰਤਾਂਤ ਸਿਰਜਿਆ ਜਾ ਰਿਹਾ ਹੈ, ਉਹ ਦੇਸ਼-ਵਿਦੇਸ਼ ‘ਚ ਰਹਿੰਦੇ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਹੈ। ਜੇਕਰ ਭਾਈ ਅੰਮ੍ਰਿਤਪਾਲ ਸਿੰਘ ਨੇ ਕੁਝ ਕਾਨੂੰਨ ਵਿਰੋਧੀ ਕੀਤਾ ਸੀ, ਤਾਂ ਉਨ੍ਹਾਂ ਦੀ ਗਿਰਫਤਾਰੀ ਕੱਲ੍ਹ ਸਵੇਰੇ ਉਨ੍ਹਾਂ ਦੇ ਘਰੋਂ ਕਿਉਂ ਨਹੀਂ ਕੀਤੀ ਗਈ ? ਇੱਕ ਬੰਦਾ ਜੋਂ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟਾ ਕੇ ਸਿੱਖੀ ਨਾਲ ਜੋੜ ਰਿਹਾ ਹੈ, ਉਸ ਨੂੰ ਕਾਹਲੀ ‘ਚ ਸਮਾਜ਼ ਵਿਰੋਧੀ ਅਨਸਰ ਸਾਬਿਤ ਪਿੱਛੇ ਕੀ ਮਜਬੂਰੀ ਹੈ? ਇਸੇ ਤਰ੍ਹਾਂ ਦੀ ਗਲਤੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤੀ ਸੀ। ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਮੌਕੇ ਜੂਨ 1984 ‘ਚ ਸ੍ਰੀ ਦਰਬਾਰ ਸਾਹਿਬ ਅੰਦਰ ਫ਼ੌਜ ਵਾੜ ਕੇ ਹਮਲਾ ਕਰਨ ਨੂੰ ਸਿੱਖ ਹੁਣ ਤੱਕ ਨਹੀਂ ਭੁਲੇ ਹਨ। ਇੰਦਰਾਂ ਗਾਂਧੀ ਤੋਂ ਬਾਅਦ ਬੇਅੰਤ ਸਿੰਘ ਨੇ ਮੁੱਖ ਮੰਤਰੀ ਰਹਿੰਦੇ ਹੋਏ ਸਿੱਖ ਨੌਜਵਾਨੀ ਉਤੇ ਅਨ੍ਹਾ ਤਸ਼ੱਦਦ ਕੀਤਾ ਸੀ। ਲੱਗਦਾ ਹੈ ਕਿ ਭਗਵੰਤ ਮਾਨ ਨੇ ਵੀ ਇੰਦਰਾਂ ਗਾਂਧੀ ਤੇ ਬੇਅੰਤ ਸਿੰਘ ਵਾਲੀ ਰਾਹ ਫੜ ਲਈ ਹੈ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਅੱਜ ਹਰ ਫਰੰਟ ਤੇ ਫੇਲ ਹੋ ਚੁੱਕੀ ਹੈ ਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਬਣਾ ਰਹੀ ਹੈ । ਸਿੱਖ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦੀ ਆ ਰਹੀ ਖ਼ਬਰ ਬਾਰੇ ਉਹਨਾਂ ਨੇ ਆਖਿਆ ਕਿ ਜਿਸ ਤਰ੍ਹਾਂ ਪਿਛਲੇ ਸਮੇਂ ਵਿੱਚ ਸ ਅੰਮ੍ਰਿਤਪਾਲ ਸਿੰਘ ਨੇ ਖਾਲਸਾ ਵਹੀਰ ਰਾਹੀਂ ਹਜ਼ਾਰਾਂ ਨੌਜਵਾਨਾਂ ਨੂੰ ਅੰਮ੍ਰਿਤ ਛਕਾਇਆ ਅਤੇ ਚਿੱਟੇ ਵਰਗੇ ਨਸ਼ਿਆਂ ਤੋਂ ਜੁਆਨੀ ਨੂੰ ਬਚਾ ਕਿ ਗੁਰੂ ਘਰ ਦੇ ਲੜ ਲਗਾਇਆ ਹੈ ਐਸੇ ਸਿੱਖ ਪ੍ਰਚਾਰਕ ਦੀ ਗ੍ਰਿਫਤਾਰੀ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖ ਨੌਜਵਾਨੀ ਵਿੱਚ ਰੋਹ ਪੈਦਾ ਕਰੇਗੀ ।ਸ. ਸਰਨਾ ਨੇ ਆਖਿਆ ਕਿ ਇਕ ਪਾਸੇ ਜੇਲ੍ਹਾਂ ਵਿੱਚ ਬੈਠੇ ਖਤਰਨਾਕ ਗੈਂਗਸਟਰ ਹਰ ਰੋਜ਼ ਨੈਸ਼ਨਲ ਚੈਨਲਾਂ ਰਾਹੀਂ ਇੰਟਰਵਿਊਆਂ ਦੇਕੇ ਲਾਅ ਐਂਡ ਆਰਡਰ ਨੂੰ ਅੰਗੂਠਾ ਦਿਖਾ ਰਹੇ ਹਨ , ਦਿਨ ਦਿਹਾੜੇ 6 - 6ਸਾਲ ਦੇ ਬੱਚਿਆਂ ਦੇ ਸ਼ਰੇਆਮ ਕਤਲ ਕੀਤੇ ਜਾ ਰਹੇ ਹਨ ਪਰ ਪੰਜਾਬ ਸਰਕਾਰ ਇਹਨਾਂ ਅਪਰਾਧਾਂ ਨੂੰ ਨੱਥ ਪਾਉਣ ਦੀ ਬਜਾਏ ਕੇਂਦਰੀ ਪੁਲਿਸ ਬਲਾਂ ਤੇ ਪੰਜਾਬ ਪੁਲਿਸ ਦੇ ਸਾਰੇ ਲਾਮ ਲਸ਼ਕਰ ਨੂੰ ਲੈਕੇ 90,91 ਦੇ ਭਿਆਨਕ ਦ੍ਰਿਸ਼ ਯਾਦ ਕਰਵਾ ਰਹੇ ਹਨ । ਸ ਸਰਨਾ ਨੇ ਆਖਿਆ ਕਿ 21ਵੀ ਸਦੀ ਵਿੱਚ ਪੂਰੇ ਪੰਜਾਬ ਵਿੱਚ ਇੰਟਰਨੈਟ ਸੇਵਾਵਾਂ ਬੰਦ ਕਰਕੇ ਪੰਜਾਬ ਦੇ ਲੋਕਾਂ ਤੇ ਅਣ ਐਲਾਨੀ ਐਮਰਜੈਂਸੀ ਲਗਾਕੇ ਲੋਕਾਂ ਦੇ ਮੋਲਿਕ ਹੱਕਾਂ ਨੂੰ ਕੁਚਲਿਆਂ ਜਾ ਰਿਹਾ ਹੈ ਜਿਸ ਨੂੰ ਪੰਜਾਬ ਦੇ ਸੂਝਵਾਨ ਲੋਕ ਕਦੇ ਵੀ ਸਵੀਕਾਰ ਨਹੀਂ ਕਰਨਗੇ।

# ਸੇਨ ਫ੍ਰਾਂਸਿਸਕੋ ‘ਚ ਭਾਰਤੀ ਅੰਬੈਸੀ ਦੇ ਭੰਨੇ ਸ਼ੀਸ਼ੇ



ਲੰਡਨ- ਪੰਜਾਬ ਪੁਲਸ ਵੱਲੋਂ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ‘ਤੇ ਕੀਤੀ ਸਖ਼ਤ ਕਾਰਵਾਈ ਤੋਂ ਬਾਅਦ ਵਿਦੇਸ਼ਾਂ ਵਿੱਚ ਉਸਦੇ ਸਮਰਥਕਾਂ ਵੱਲੋਂ ਪਹਿਲਾਂ ਲੰਡਨ ਅਤੇ ਹੁਣ ਸੇਨ ਫ੍ਰਾਂਸਿਸਕੋ ਅਮਰੀਕਾ ਵਿਚ ਸਥਿਤ ਭਾਰਤੀ ਅੰਬੈਸੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅੰਬੈਸੀ ਸਟਾਫ਼ ਵਿੱਚ ਡਰ ਦਾ ਮਾਹੌਲ ਅਤੇ ਹੁੱਲੜਬਾਜ਼ਾਂ ਲਈ ਪੁਲਸ ਦਾ ਵਤੀਰਾ ਨਰਮ ਦਿੱਖ ਰਿਹਾ ਹੈ। ਸੇਨ ਫ੍ਰਾਂਸਿਸਕੋ ਵਿੱਚ ਸਥਿਤ ਭਾਰਤੀ ਅੰਬੈਸੀ ‘ਤੇ ਅਣਪਛਾਤੇ ਲੋਕਾਂ ਵੱਲੋਂ ਹਮਲਾ ਕੀਤਾ ਗਿਆ ਹੈ।ਰੋਸ ਵਿੱਚ ਆਏ ਲੋਕਾਂ ਨੇ ਅੰਬੈਸੀ ਦੇ ਸ਼ੀਸ਼ੇ ਭੰਨ ਦਿੱਤੇ, ਜਿਸ ਕਾਰਨ ਸਟਾਫ਼ ਨੂੰ ਭੱਜ ਕੇ ਆਪਣੀ ਜਾਨ ਬਚਾਉਣੀ ਪਈ।ਦੱਸ ਦੇਈਏ ਕਿ ਇਸ ਤੋਂ ਪਹਿਲਾਂ ਖਾਲਿਸਤਾਨੀ ਝੰਡੇ ਲਹਿਰਾਉਂਦੇ ਹੋਏ ਅਤੇ ਖਾਲਿਸਤਾਨ ਪੱਖੀ ਨਾਅਰੇ ਲਗਾ ਰਹੇ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ ਐਤਵਾਰ ਸ਼ਾਮ ਨੂੰ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਉੱਪਰ ਲਹਿਰਾਏ ਗਏ ਤਿਰੰਗੇ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਸੀ।

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫ਼ਤਿਹ — ਪੰਥ ਕੀ ਜੀਤ

24 ਮਾਰਚ, ਦਿਨ ਸ਼ੁੱਕਰਵਾਰ......ਸਵੇਰੇ 10:00 ਵਜੇ ਭਾਈ ਤਰਲੋਚਨ ਸਿੰਘ ਪਰਹਾਰ ਅਤੇ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 26 ਮਾਰਚ, ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ ਉਪਰੰਤ ਦੀਵਾਨ ਸਜਣਗੇ।

24 ਮਾਰਚ, ਦਿਨ ਸ਼ੁੱਕਰਵਾਰ......ਸਵੇਰ ਨੂੰ ਅਨੰਦ ਕਾਰਜ ਹੋਵੇਗਾ।

24 ਮਾਰਚ, ਦਿਨ ਸ਼ੁੱਕਰਵਾਰ......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਪਰਮਜੀਤ ਸਿੰਘ ਮਿਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

25 ਮਾਰਚ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

25 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਕਾਸ਼ ਸਿੰਘ ਰਤਨ ਅਤੇ ਪਰਿਵਾਰ ਵਲੋਂ ਹੋਵੇਗੀ।

25 ਮਾਰਚ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸੁਨੀਲ ਸਿੰਘ ਦੁਸਾਂਝ ਅਤੇ ਪਰਿਵਾਰ ਵਲੋਂ ਹੋਵੇਗੀ।

26 ਮਾਰਚ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਰੀਕ ਸਿੰਘ ਕੂਨਰ ਤੇ ਪਰਿਵਾਰ ਵਲੋਂ ਹੋਵੇਗੀ।

31 ਮਾਰਚ, ਦਿਨ ਸ਼ੁੱਕਰਵਾਰ.......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਮੀਤ ਸਿੰਘ ਸਮਰਾ ਦੇ ਪਰਿਵਾਰ ਵਲੋਂ ਹੋਵੇਗੀ।

1 ਅਪ੍ਰੈਲ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਚਰਨ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।

2 ਅਪ੍ਰੈਲ, ਦਿਨ ਐਤਵਾਰ..........ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵੰਤ ਸਿੰਘ ਸੰਘਾ ਅਤੇ ਪਰਿਵਾਰ ਵਲੋਂ ਹੋਵੇਗੀ।

2 ਅਪ੍ਰੈਲ, ਦਿਨ ਐਤਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਚੀਮਾ ਅਤੇ ਪਰਿਵਾਰ ਵਲੋਂ ਹੋਵੇਗੀ।

ਅੰਮ੍ਰਿਤ ਸੰਚਾਰ

15 ਅਪ੍ਰੈਲ 2023, ਦਿਨ ਸ਼ਨਿੱਚਰਵਾਰ

ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਦਰਜ ਕਰਵਾਉਣ ਦੀ ਕਿਰਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।

16 ਅਪ੍ਰੈਲ 2023, ਦਿਨ ਐਤਵਾਰ

ਸ਼ਾਮ ਨੂੰ ਬਾਅਦ ਦੁਪਹਿਰ 2:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ।

ਸਰਬੱਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ — ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਸੁਨੀਲ ਟ੍ਰੈਫਿਕ ਪੁਲਸ ‘ਚ ਭਰਤੀ ਹੋਣ ਲਈ ਇੰਟਰਵਿਊ ਦੇਣ ਗਿਆ।

ਇੰਟਰਵਿਊ ਲੈਣ ਵਾਲੇ ਨੇ ਉਸ ਨੂੰ ਪੁੱਛਿਆ, ‘’ਜੇ ਇਕ ਵਿਅਕਤੀ ਗਧੇ ‘ਤੇ ਬੈਠ ਕੇ ਜਾ ਰਿਹਾ ਹੋਵੇ ਅਤੇ ਉਸ ਨੇ ਹੈਲਮੇਟ ਨਾ ਪਾਇਆ ਹੋਵੇ ਤਾਂ ਕੀ ਤੂੰ ਉਸ ਦਾ ਚਲਾਨ ਕਰੇਂਗਾ?”

ਸੁਨੀਲ ਬੋਲਿਆ, ‘’ਨਹੀਂ, ਕਿਉਂਕਿ ਹੈਲਮੇਟ ਟੂਵ੍ਹੀਲਰ ਲਈ ਜ਼ਰੂਰੀ ਹੈ, ਫੋਰ-ਵ੍ਹੀਲਰ ਲਈ ਨਹੀਂ।”

***************

ਪਤਨੀ, ‘’ਡੀਅਰ! ਇਹ ਕੰਪਿਊਟਰ ਮੇਰੀਆਂ ਹਦਾਇਤਾਂ ਅਨੁਸਾਰ ਕੰਮ ਨਹੀਂ ਕਰ ਰਿਹਾ।”

ਪਤੀ, ‘’ਕਿਵੇਂ ਕਰੇਗਾ, ਕੰਪਿਊਟਰ ਹੈ, ਪਤੀ ਨਹੀਂ।

ਸੋਨੂੰ, ‘’ਤੂੰ ਕਿੰਨਾ ਪੜ੍ਹਿਆ ਏਂ?”

ਮੋਨੂੰ, ‘’ਬੀ ਏ।”

ਸੋਨੂੰ, ‘’ਕਮਾਲ ਕਰਦਾ ਏਂ ਯਾਰ, ਸਿਰਫ ਦੋ ਸ਼ਬਦ ਪੜ੍ਹਿਆ ਏਂ, ਉਹ ਵੀ ਉਲਟੇ।”

ਭੋਲਾ ਅਮਲੀ ਗੱਡੀ ‘ਤੇ ਜਾ ਰਿਹਾ ਸੀ। ਰਸਤੇ ਵਿਚ ਪੁਲਿਸ ਨਾਕੇ ‘ਤੇ ਥਾਣੇਦਾਰ ਉਹਨੂੰ ਰੋਕਦਿਆਂ ਬੋਲਿਆ, ‘ਹਾਂ ਬਈ, ਬਾਹਰ ਆ, ਤੇਰਾ ਚਲਾਨ ਕੱਟਣਾ।‘

ਭੋਲਾ-ਪਰ ਕਿਉਂ? ਮੈਂ ਕੀ ਕੀਤਾ?

ਥਾਣੇਦਾਰ-ਤੂੰ ਬੈਲਟ ਨਹੀਂ ਲਾਈ। ਭੋਲਾ-ਪਰ ਜਨਾਬ, ਮੇਰੇ ਤਾਂ ਪਜ਼ਾਮਾ ਪਾਇਆ ਹੋਇਆ।

*************

ਅਧਿਆਪਕ (ਕਲਾਸ ‘ਚ)-ਬੱਚਿਓ, ਕੋਈ ਦੱਸ ਸਕਦਾ ਕਿ ਫਲ ਕਿਸ ਦੀ ਦੇਣ ਹਨ?

ਭੋਲੂ (ਝੱਟ ਉੱਠ ਕੇ)-ਜੀ, ਮੇਰੇ ਡੈਡੀ ਦੀ।

ਅਧਿਆਪਕ-ਮੂਰਖਾ, ਉਹ ਕਿਵੇਂ?

ਭੋਲੂ-ਜੀ, ਉਹ ਜਦੋਂ ਵੀ ਸ਼ਹਿਰ ਜਾਂਦੇ ਆ ਤਾਂ ਸਾਡੇ ਲਈ ਜ਼ਰੂਰ ਕੋਈ ਨਾ ਕੋਈ ਫਲ ਲੈ ਕੇ ਆਉਂਦੇ ਆ।

*************

ਪ੍ਰਵੀਨ (ਆਪਣੀ ਸਹੇਲੀ ਨੂੰ)-ਕੀ ਤੇਰੇ ਬੱਚੇ ਖਾਣਾ ਖਾਣ ਤੋਂ ਪਹਿਲਾਂ ਭਗਵਾਨ ਨੂੰ ਯਾਦ ਕਰਦੇ ਆ

ਸਹੇਲੀ-ਹਾਂ, ਕੱਲ੍ਹ ਦੀ ਹੀ ਗੱਲ ਆ, ਰਾਤ ਨੂੰ ਰੋਟੀ ਖਾਣ ਤੋਂ ਪਹਿਲਾਂ ਸਾਰੇ ਕਹਿ ਰਹੇ ਸੀ, ਹੇ ਭਗਵਾਨ! ਅੱਜ ਮੰਮੀ ਨੇ ਫਿਰ ਘੀਏ ਦੀ ਸਬਜ਼ੀ ਬਣਾਈ ਆ।

*************

ਸੋਨੂੰ,:ਮਾਤਾ ਪਿਤਾ ਤੋਂ ਬਾਅਦ ਅੱਗੇ ਵੱਧਣ ਦੀ ਸਭ ਤੋਂ ਜ਼ਿਆਦਾ ਪ੍ਰੇਰਣਾਂ ਕੌਣ ਦਿੰਦਾ ਹੈ?

ਬਬਲੂ :-ਬੱਸ ਕੰਡਕਟਰ।

ਸੋਨੂੰ. “ਉਹ ਕਿਵੇਂ ?”

ਬਬਲੂ ਉਹੀ ਤਾਂ ਹੈ ਜੋ ਹਰ ਇੱਕ ਨੂੰ ਕਹਿੰਦਾ ਹੈ -ਚਲੋ -ਚਲੋ,ਅੱਗੇ ਵਧੋ,ਅੱਗੇ ਵਧੋ,ਅੱਗੇ ਵਧਦੇ ਰਹੋ।

*************

ਟੀਚਰ (ਪੱਪੂ ਨੂੰ) “ਤੂੰ ਸਕੂਲ ਲੇਟ ਕਿਉਂ ਆਇਆਂ?”

ਪੱਪੂ, “ਮੈਡਮ ਕੱਲ ਰਾਤ ਸੁਪਨੇ ਵਿੱਚ ਮੈਂ ਕਨੇਡਾ ਚਲਾ ਗਿਆ ਸੀ।

ਟੀਚਰ “ਅਤੇ ਪਿੰਕੀ ਤੂੰ ?

ਪਿੰਕੀ, “ਮੈਡਮ,ਮੈਂ ਪੱਪੂ ਨੂੰ ਹਵਾਈ ਅੱਡੇ ਤੇ ਛੱਡਣ

*************

ਗਰਲਫ੍ਰੈਂਡ,”ਮੇਰਾ ਮੋਬਾਇਲ ਮਾਂ ਕੋਲ ਰਹਿੰਦਾ ਹੈ”।

ਬੁਆਏ ਫੈਂਡ, “ਜੇ ਫੜੀ ਗਈ ਤਾਂ”

ਗਰਲਫ੍ਰੈਂਡ, “ਤੇਰਾ ਨੰਬਰ “ਬੈਟਰੀ ਲੋਅ” ਨਾ ਨਾਲ ਸੇਵ ਹੈ ਜਦੋਂ ਵੀ ਤੇਰਾ ਫੋਨ ਆਉਂਦਾ ਹੈ ਮਾਂ ਕਹਿੰਦੀ ਹੈ ਲੈ ਚਾਰਜ ਕਰਲੈ”।

*************

ਅਧਿਆਪਕਾ-ਨਿੱਕੂ, ਤੇਰੇ ਪਾਪਾ ਕੀ ਕਰਦੇ ਹਨ?

ਨਿੱਕੂ-ਜੀ ਠਾਣੇਦਾਰ... ਮੇਰਾ ਮਤਲਬ ਹੈ ਠਾਣੇਦਾਰੀ।

ਅਧਿਆਪਕਾ-ਬਸ... ਬਸ... ਬੈਠ ਜਾ।

ਅਧਿਆਪਕਾ-ਡਿੰਮੀ, ਤੇਰੇ ਮੰਮੀ ਕੀ ਕਰਦੇ ਹਨ?

ਡਿੰਮੀ-ਜੀ... ਜੀ... ਮੇਰਾ ਹੋਮ ਵਰਕ।

ਅਧਿਆਪਕਾ-ਸੰਤੂ, ਤੂੰ ਘਰ ਜਾ ਕੇ ਕੀ ਕਰਦਾ ਏਂ?

ਸੰਤੂ-ਜੀ, ਹੋਮ ਵਰਕ।

ਅਧਿਆਪਕਾ-ਪਰ ਮੇਰਾ ਦਿੱਤਾ ਹੋਇਆ ਹੋਮ ਵਰਕ ਤਾਂ ਕਦੇ ਕੀਤਾ ਨਹੀਂ।

ਸੰਤੂ-ਜੀ, ਮੈਮ ਜੀ... ਮੈਂ ਮੰਮੀ ਦਾ ਹੋਮ ਵਰਕ ਕਰਦਾ ਹਾਂ ਜੀ... ਮਤਲਬ ਕੱਪੜੇ ਧੋਣੇ, ਸਫ਼ਾਈ ਕਰਨੀ...।

ਅਧਿਆਪਕਾ-ਦੂਰ ਫਿੱਟੇ ਮੂੰਹ...।

*************

ਪ੍ਰੇਮਿਕਾ-ਤੁਸੀਂ ਮੈਨੂੰ ਬਿਲਕੁਲ ਪਿਆਰ ਨਹੀਂ ਕਰਦੇ ਜੀ।

ਪ੍ਰੇਮੀ-ਹੈ ਨਾ ਪਾਗਲਾਂ ਵਾਲੀਆਂ ਗੱਲਾਂ। ਤੈਨੂੰ ਤਾਂ ਮੈਂ ਚੰਨ ਤੋਂ ਵੱਧ ਪਿਆਰ ਕਰਦਾ ਹਾਂ।

ਪ੍ਰੇਮਿਕਾ-ਕਦੇ ਆਪਣਾ ਏ.ਟੀ.ਐੱਮ. ਕਾਰਡ ਤਾਂ ਦਿਖਾਇਆ ਨਹੀਂ।

*************

ਚੋਰ (ਆਪਣੇ ਸਾਥੀ ਨੂੰ)-ਤੂੰ ਘਬਰਾ ਨਾ, ਜਿਹੜਾ ਘਰ ਅਸੀਂ ਦਿਨ ਵੇਲੇ ਦੇਖ ਕੇ ਆਏ ਸੀ, ਮੈਂ ਪਹਿਚਾਣ ਲਵਾਂਗਾ।

ਦੂਜਾ ਸਾਥੀ-ਤਾਹੀਓਂ ਤਾਂ ਆਪਣੇ ਮਾਸਟਰ ਜੀ ਨੇ ਤੇਰਾ ਠੀਕ ਹੀ ਨਾਂਅ ਰੱਖਿਆ ਸੀ।

ਚੋਰ-ਕੀ ਨਾਂਅ ਰੱਖਿਆ ਸੀ?

ਦੂਜਾ ਸਾਥੀ-ਉੱਲੂ।

*************

ਰੇਲ ਗੱਡੀ ਵਿੱਚ ਖਿੜਕੀ ਦੇ ਨੇੜੇ ਵਾਲੀ ਸੀਟ ‘ਤੇ ਬੈਠੀਆਂ ਦੋ ਔਰਤਾਂ ਆਪਸ ਵਿੱਚ ਲੜ ਰਹੀਆਂ ਸਨ।

ਪਹਿਲੀ ਬੋਲੀ, ‘’ਮੈਨੂੰ ਗਰਮੀ ਲੱਗ ਰਹੀ ਹੈ, ਖਿੜਕੀ ਦਾ ਸ਼ੀਸ਼ਾ ਖੁੱਲ੍ਹਾ ਰਹਿਣ ਦੇ।”

ਦੂਜੀ ਬੋਲੀ, ‘’ਮੈਨੂੰ ਸਰਦੀ ਲੱਗ ਰਹੀ ਹੈ, ਖਿੜਕੀ ਬੰਦ ਰਹੇਗੀ।”

ਇਕ ਸ਼ੀਸ਼ਾ ਉਪਰ ਕਰਦੀ ਤਾਂ ਦੂਜੀ ਉਸ ਨੂੰ ਬੰਦ ਕਰ ਦਿੰਦੀ।

ਲੜਾਈ ਜਦੋਂ ਇਕ ਦੂਜੇ ਦੇ ਵਾਲ ਖਿੱਚਣ ਤੱਕ ਪਹੁੰਚ ਗਈ ਤਾਂ ਕੋਲ ਬੈਠੇ ਇਕ ਆਦਮੀ ਨੇ ਕਿਹਾ,

‘’ਕਿਉਂ ਲੜ ਰਹੀਆਂ ਹੋ? ਪਹਿਲਾਂ ਦੇਖ ਤਾਂ ਲਵੋ, ਨਿਰਾ ਫਰੇਮ ਹੈ, ਖਿੜਕੀ ਦਾ ਸ਼ੀਸ਼ਾ ਤਾਂ ਟੁੱਟਾ ਪਿਆ ਹੈ।”

*************

ਅਰੁਣ, ‘’ਮੇਰੇ ਕੋਲ 20 ਹਜ਼ਾਰ ਰੁਪਏ ਸਨ। ਮੈਂ ਸੋਚਿਆ ਘਰ ਵਿੱਚ ਬਿਨਾਂ ਕੁੱਤਾ ਰੱਖੇ ਇੰਨੇ ਪੈਸੇ ਨਹੀਂ ਰੱਖਣੇ ਚਾਹੀਦੇ।”

ਨਵੀਨ, ‘’ਫਿਰ ਤੂੰ ਕੀ ਕੀਤਾ?”

ਅਰੁਣ, ‘’20 ਹਜ਼ਾਰ ਰੁਪਏ ਦਾ ਕੁੱਤਾ ਖਰੀਦ ਲਿਆ।”

*************

ਪ੍ਰੀਖਿਆ ਹਾਲ ਵਿੱਚ ਅਧਿਆਪਕਾ ਨੇ ਪ੍ਰੈਟੀ ਨੂੰ ਪੁੱਛਿਆ, ‘’ਪ੍ਰੈਟੀ, ਤੂੰ ਇੰਨੀ ਦੇਰ ਤੋਂ ਕੁਝ ਨਹੀਂ ਲਿਖ ਰਹੀ, ਕੀ ਸਵਾਲ ਮੁਸ਼ਕਿਲ ਲੱਗ ਰਹੇ ਹਨ?”

ਪ੍ਰੈਟੀ, ‘’ਮੈਡਮ, ਸਵਾਲ ਤਾਂ ਠੀਕ ਹਨ, ਮੈਨੂੰ ਤਾਂ ਬਸ ਇਨ੍ਹਾਂ ਦੇ ਜਵਾਬ ਮੁਸ਼ਕਿਲ ਲੱਗ ਰਹੇ ਹਨ।”

*************

ਰੇਲ ਗੱਡੀ ਵਿੱਚ ਖਿੜਕੀ ਦੇ ਨੇੜੇ ਵਾਲੀ ਸੀਟ ‘ਤੇ ਬੈਠੀਆਂ ਦੋ ਔਰਤਾਂ ਆਪਸ ਵਿੱਚ ਲੜ ਰਹੀਆਂ ਸਨ।

ਪਹਿਲੀ ਬੋਲੀ, ‘’ਮੈਨੂੰ ਗਰਮੀ ਲੱਗ ਰਹੀ ਹੈ, ਖਿੜਕੀ ਦਾ ਸ਼ੀਸ਼ਾ ਖੁੱਲ੍ਹਾ ਰਹਿਣ ਦੇ।”

ਦੂਜੀ ਬੋਲੀ, ‘’ਮੈਨੂੰ ਸਰਦੀ ਲੱਗ ਰਹੀ ਹੈ, ਖਿੜਕੀ ਬੰਦ ਰਹੇਗੀ।”

ਇਕ ਸ਼ੀਸ਼ਾ ਉਪਰ ਕਰਦੀ ਤਾਂ ਦੂਜੀ ਉਸ ਨੂੰ ਬੰਦ ਕਰ ਦਿੰਦੀ।

ਲੜਾਈ ਜਦੋਂ ਇਕ ਦੂਜੇ ਦੇ ਵਾਲ ਖਿੱਚਣ ਤੱਕ ਪਹੁੰਚ ਗਈ ਤਾਂ ਕੋਲ ਬੈਠੇ ਇਕ ਆਦਮੀ ਨੇ ਕਿਹਾ,

‘’ਕਿਉਂ ਲੜ ਰਹੀਆਂ ਹੋ? ਪਹਿਲਾਂ ਦੇਖ ਤਾਂ ਲਵੋ, ਨਿਰਾ ਫਰੇਮ ਹੈ, ਖਿੜਕੀ ਦਾ ਸ਼ੀਸ਼ਾ ਤਾਂ ਟੁੱਟਾ ਪਿਆ ਹੈ।”

*************

ਅਰੁਣ, ‘’ਮੇਰੇ ਕੋਲ 20 ਹਜ਼ਾਰ ਰੁਪਏ ਸਨ। ਮੈਂ ਸੋਚਿਆ ਘਰ ਵਿੱਚ ਬਿਨਾਂ ਕੁੱਤਾ ਰੱਖੇ ਇੰਨੇ ਪੈਸੇ ਨਹੀਂ ਰੱਖਣੇ ਚਾਹੀਦੇ।”

ਨਵੀਨ, ‘’ਫਿਰ ਤੂੰ ਕੀ ਕੀਤਾ?” ਅਰੁਣ, ‘’20 ਹਜ਼ਾਰ ਰੁਪਏ ਦਾ ਕੁੱਤਾ ਖਰੀਦ ਲਿਆ।”

*************

ਪ੍ਰੀਖਿਆ ਹਾਲ ਵਿੱਚ ਅਧਿਆਪਕਾ ਨੇ ਪ੍ਰੈਟੀ ਨੂੰ ਪੁੱਛਿਆ, ‘’ਪ੍ਰੈਟੀ, ਤੂੰ ਇੰਨੀ ਦੇਰ ਤੋਂ ਕੁਝ ਨਹੀਂ ਲਿਖ ਰਹੀ, ਕੀ ਸਵਾਲ ਮੁਸ਼ਕਿਲ ਲੱਗ ਰਹੇ ਹਨ?”

ਪ੍ਰੈਟੀ, ‘’ਮੈਡਮ, ਸਵਾਲ ਤਾਂ ਠੀਕ ਹਨ, ਮੈਨੂੰ ਤਾਂ ਬਸ ਇਨ੍ਹਾਂ ਦੇ ਜਵਾਬ ਮੁਸ਼ਕਿਲ ਲੱਗ ਰਹੇ ਹਨ।”

*************

ਪੱਪੂ ਦਾ ਮੂੰਹ ਸੁੱਜਿਆ ਹੋਇਆ ਸੀ। ਗਗਨ ਨੇ ਕਾਰਨ ਪੁੱਛਿਆ ਤਾਂ ਉਹ ਬੋਲਿਆ, ‘’ਕੱਲ੍ਹ ਸ਼ਾਮ ਮੈਂ ਘਰ ਗਿਆ ਤਾਂ ਪਾਪਾ ਨੇ ਪੁੱਛਿਆ ਕਿੱਥੇ ਸੀ?”

ਮੈਂ ਕਿਹਾ, ‘’ਦੋਸਤ ਦੇ ਘਰ ਗਿਆ ਸੀ। ਪਾਪਾ ਨੇ ਮੇਰੇ ਸਾਹਮਣੇ ਹੀ ਮੇਰੇ 10 ਦੋਸਤਾਂ ਨੂੰ ਫੋਨ ਕੀਤਾ।” ਚਾਰ ਜਣਿਆ ਨੇ ਕਿਹਾ, ‘’ਹਾਂ ਅੰਕਲ ਇਥੇ ਹੀ ਸੀ।” ਦੋ ਨੇ ਕਿਹਾ, ‘’ਹੁਣੇ ਨਿਕਲਿਆ ਹੈ।”

ਤਿੰਨ ਨੇ ਕਿਹਾ, ‘’ਇਥੇ ਹੈ ਅੰਕਲ, ਪੜ੍ਹ ਰਿਹਾ ਹੈ, ਫੋਨ ਦੇਵਾਂ?”

ਇਕ ਨੇ ਤਾਂ ਹੱਦ ਹੀ ਕਰ ਦਿੱਤੀ, ਕਿਹਾ, ‘’ਬੋਲੋ, ਪਾਪਾ ਕੀ ਹੋਇਆ।‘ ਮਰਵਾ ਦਿੱਤਾ ਸਾਲਿਆਂ ਨੇ।”

*************

ਬਬਨ ਵੀਰ ਦੀ ਇਕ ਲੱਤ ਨੀਲੀ ਹੋ ਗਈ..

ਹਕੀਮ, ‘’ਸ਼ਾਇਦ ਜ਼ਹਿਰ ਫੈਲ ਗਿਆ ਹੈ, ਲੱਤ ਕੱਟਣੀ ਪਵੇਗੀ।”

ਕੁਝ ਦਿਨ ਬਾਅਦ ਦੂਜੀ ਲੱਤ ਵੀ ਨੀਲੀ ਪੈ ਗਈ। ਹਕੀਮ, ‘’ਇਸ ਲੱਤ ‘ਚ ਵੀ ਜ਼ਹਿਰ ਫੈਲ ਰਿਹਾ ਹੈ, ਇਹ ਵੀ ਕੱਟਣੀ ਪਵੇਗੀ।”

ਹਕੀਮ ਨੇ ਦੋਵੇਂ ਲੱਤਾਂ ਕੱਟ ਦਿੱਤੀ ਅਤੇ ਨਕਲੀ ਲੱਤਾਂ ਲਗਾ ਦਿੱਤੀਆਂ।

ਕੁਝ ਦਿਨ ਬਾਅਦ ਨਕਲੀ ਲੱਤਾਂ ਵੀ ਨੀਲੀਆਂ ਪੈ ਗਈਆਂ।ਹਕੀਮ, ‘’ਹੁਣ ਤੁਹਾਡੀ ਬੀਮਾਰੀ ਸਮਝ ਵਿੱਚ ਆਈ ਮੀਆਂ, ਤੁਹਾਡੀ ਧੋਤੀ ਰੰਗ ਛੱਡ ਰਹੀ ਹੈ।”

*************

ਪਤੀ ਨੇ ਨਵੀਂ ਕਾਰ ਖਰੀਦੀ ਅਤੇ ਸੋਚਿਆ ਕਿ ਬੀਵੀ ਨੂੰ ਸਰਪ੍ਰਾਈਜ਼ ਦੇਵੇਗਾ।

ਘਰ ‘ਚ ਵੜਦੇ ਸਾਰ ਉਸ ਨੇ ਬੀਵੀ ਨੂੰ ਜ਼ੋਰ ਨਾਲ ਆਵਾਜ਼ ਦਿੱਤੀ, ‘’ਡਾਰਲਿੰਗ, ਤੇਰਾ ਸਾਲਾਂ ਦਾ ਸੁਪਨਾ ਅੱਜ ਪੂਰਾ ਹੋ ਗਿਆ..।”

ਬੀਵੀ ਦੌੜਦੀ ਹੋਈ ਰਸੋਈ ‘ਚੋਂ ਆਈ ਅਤੇ ਬੋਲੀ, ‘’ਹਾਏ-ਹਾਏ, ਮੇਰੀ ਸੱਸ ਨੂੰ ਕੀ ਹੋ ਗਿਆ..?”

*************

ਸਿੰਗਲਾ ਬੱਬੂ ਨੂੰ ਗੁੱਸੇ ‘ਚ ਬੋਲ ਰਿਹਾ ਸੀ; ‘’ਯਾਰ, ਜਦੋਂ ਮੈਂ ਤੈਨੂੰ ਖਤ ਲਿਖਿਆ ਸੀ ਮੇਰੇ ਵਿਆਹ ‘ਚ ਜ਼ਰੂਰ ਆਵੀਂ ਤਾਂ ਤੂੰ ਆਇਆ ਕਿਉਂ ਨਹੀਂ?”

ਬੱਬੂ, ‘’ਓਹ ਯਾਰ, ਪਰ ਮੈਨੂੰ ਖਤ ਮਿਲਿਆ ਹੀ ਨਹੀਂ।”


ਸਿੰਗਲਾ, ‘’ਮੈਂ ਲਿਖਿਆ ਤਾਂ ਸੀ ਕਿ ਖਤ ਮਿਲੇ ਜਾਂ ਨਾ ਮਿਲੇ, ਤੂੰ ਜ਼ਰੂਰ ਆਵੀਂ।”


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber



ਹਣ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All



AMAYA LIVING



60 LUXURIOUS CONDOS

• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# 22 ਸਾਲਾਂ ਤੋਂ ਲਾਪਤਾ ਮੰਦਬੁੱਧੀ ਪਰਮਿਲਾ ਦਾ ਪਰਿਵਾਰ ਨੂੰ ਮਿਲਕੇ ਰੋ-ਰੋ ਹੋਇਆ ਬੁਰਾ ਹਾਲ



ਇਹ ਪਰਮਿਲਾ ਨਾਂ ਦੀ ਮੰਦ-ਬੁੱਧੀ ਔਰਤ ਅੱਜ ਤੋਂ 22 ਸਾਲ ਪਹਿਲਾਂ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰੂਖਾਬਾਦ 'ਚ ਪੈਂਦੇ ਆਪਣੇ ਸਹੁਰਾ ਪਿੰਡ ਬਿਲਹਾ ਤੋਂ ਗੁੰਮ ਹੋ ਗਈ ਸੀ। ਉਸ ਤੋਂ ਕਈ ਸਾਲ ਬਾਅਦ ਪਤਾ ਨੀ ਕਿੱਥੇ ਭਟਕਦੀ ਰਹੀ। ਫਿਰ 12 ਦਸੰਬਰ 2017 ਨੂੰ ਕੁੱਝ ਵਿਆਕਤੀਆਂ ਨੇ ਇਸ ਨੂੰ ਕੜੱਕਦੀ ਦੀ ਸਰਦੀ 'ਚ ਲੁਧਿਆਣਾ ਸ਼ਹਿਰ ਵਿੱਚ ਸੜਕ ਕਿਨਾਰੇ ਅਰਧ-ਨਗਨ ਹਾਲਤ ਵਿੱਚ ਦੇਖਿਆ।

ਉਹਨਾਂ ਦਇਆਵਾਨ ਵਿਆਕਤੀਆਂ ਨੇ ਤਰਸ ਖਾ ਕੇ ਇਸਨੂੰ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪਹੁੰਚਾ ਦਿੱਤਾ। ਆਸ਼ਰਮ ਵਿੱਚ ਲੁਧਿਆਣਾ ਦੇ ਮਸ਼ਹੂਰ ਸਾਇਕੈਟਰਿਸਟ ਡਾ. ਆਰ. ਐਲ. ਨਾਰੰਗ ਵਲੋਂ ਲਗਾਤਾਰ ਪੰਜ ਸਾਲ ਇਸਦਾ ਇਲਾਜ ਕੀਤਾ ਗਿਆ ਜਿਸ ਨਾਲ ਇਸ ਦੀ ਯਾਦਾਸ਼ਤ ਵਾਪਿਸ ਆ ਗਈ। ਇਸਨੇ ਆਪਣੇ ਪਤੀ ਦਾ ਨਾਮ ਮਹਾਂਵੀਰ, ਪਿੰਡ ਬਿਲਹਾ ਅਤੇ ਨਜ਼ਦੀਕ ਪੈਂਦੇ ਕਸਬੇ ਕੰਪਲ ਬਾਰੇ ਦੱਸਿਆ। ਜਿਸ ਉਪਰੰਤ ਆਸ਼ਰਮ ਦੇ ਸਟਾਫ ਨੇ ਕੰਪਲ (ਯੂ. ਪੀ.) ਦੇ ਪੁਲਿਸ ਸਟੇਸ਼ਨ ਨਾਲ ਸੰਪਰਕ ਕਰਕੇ ਇਸਦੇ ਪਰਿਵਾਰ ਨੂੰ ਪਰਮਿਲਾ ਦੇ ਸਰਾਭਾ ਆਸ਼ਰਮ ਵਿੱਚ ਹੋਣ ਬਾਰੇ ਜਾਣਕਾਰੀ ਦਿੱਤੀ ਗਈ। ਇਸਦੀਆਂ ਚਾਰ ਬੇਟੀਆਂ ਹਨ । ਜਦੋਂ 22 ਸਾਲ ਪਹਿਲਾਂ ਇਹ ਘਰ ਤੋਂ ਨਿਕਲੀ ਸੀ ਤਾਂ ਇਸਦੀ ਛੋਟੀ ਬੇਟੀ ਸਿਰਫ਼ ਇੱਕ ਮਹੀਨੇ ਦੀ ਸੀ ਜੋ ਕਿ ਅੱਜ ਵਿਆਹੀ ਹੋਈ ਹੈ। ਪਰਮਿਲਾ ਦੀ ਗੈਰਹਾਜਰੀ ਵਿੱਚ ਹੀ ਚਾਰੇ ਬੇਟੀਆਂ ਦੇ ਵਿਆਹ ਹੋਏ। ਪਰਮਿਲਾ ਦੇ ਪਰਿਵਾਰ ਨੂੰ ਇਸ ਦੇ ਜ਼ਿੰਦਾ ਹੋਣ ਦੀ ਕੋਈ ਉਮੀਦ ਨਹੀਂ ਸੀ। ਜਦੋਂ 19 ਮਾਰਚ 2023 ਨੂੰ ਇਸਦੇ ਪਤੀ ਮਹਾਂਵੀਰ, ਦੋ ਬੇਟੀਆਂ ( ਮਮਤਾ ਤੇ ਪੂਜਾ ), ਤਿੰਨ ਦਮਾਦ (ਪੰਕਜ, ਮਨੋਜ ਅਤੇ ਟੀਟੂ) ਜਦੋਂ ਆਸ਼ਰਮ ਵਿੱਚ ਇਸ ਨੂੰ ਲੈਣ ਆਏ ਤਾਂ ਪਰਮਿਲਾ ਅਤੇ ਪਰਿਵਾਰ ਦਾ ਆਪਸ 'ਚ ਮਿਲਕੇ ਰੋ-ਰੋ ਕੇ ਇਤਨਾਂ ਬੁਰਾ ਹਾਲ ਹੋ ਗਿਆ ਕਿ ਦੇਖਿਆ ਨਹੀਂ ਸੀ ਜਾਂਦਾ । ਦੇਖਣ ਵਾਲੇ ਖ਼ੁਦ ਵੀ ਭਾਵੁਕ ਹੋ ਗਏ।

ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਿਰਫ਼ ਪਰਮਿਲਾ ਹੀ ਨਹੀਂ ਸਗੋਂ ਘਰਾਂ ਤੋਂ ਲਾਪਤਾ ਹੋਏ ਬਹੁਤ ਸਾਰੇ ਹੋਰ ਮੰਦਬੁੱਧੀ ਮਰੀਜ਼ਾਂ ਨੂੰ ਆਸ਼ਰਮ ਵੱਲੋਂ ਉਹਨਾਂ ਦੇ ਪਰਿਵਾਰਾਂ ਨਾਲ ਮਿਲਾਇਆ ਗਿਆ ਹੈ। ਆਸ਼ਰਮ ਵਿੱਚ ਰਹਿ ਰਹੇ 200 ( ਦੋ ਸੌ ) ਦੇ ਕਰੀਬ ਲਵਾਰਸ, ਬੇਘਰ, ਮੰਦਬੁੱਧੀ, ਅਪਾਹਜ, ਨੇਤਰਹੀਣਾਂ ਦੀ ਇਹ ਅਨੋਖੀ ਹੀ ਦੁਨੀਆਂ ਹੈ ਜਿਸਦਾ ਗਮਗੀਨ ਮਾਹੌਲ ਆਮ ਦੁਨੀਆਂ ਨਾਲੋਂ ਬਿਲਕੁੱਲ ਵੱਖਰਾ ਹੀ ਹੈ। ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ: 95018-42505; ਡਾ. ਨੌਰੰਗ ਸਿੰਘ ਮਾਂਗਟ: 95018-42506.











ਸੋਫਾ ਫੈਕਟਰੀ

LOWEST PRICES IN TOWN

ਸਟੋਰ ਤੇ ਆ ਕੇ ਵੇਖੋ





**Biggest Sale of the Year**

ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।





2 PCS SOFA & LOVE SEAT

$1350



ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ

ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ

**B&B FURNITURE**

12732-80TH AVE. SURREY

604.594.6533

ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




**Dream Catering "Your Venue, Our Food"**

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜ਼ਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

**For Bookings, Contact: 604-203-7272**

7236 -120St, Surrey, BC Email:info@dreambanquethall.ca



# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca